## ਸੀ ਪੀ ਪੀ–ਡਿਸਏਬਿਲਟੀ ਸਵੈ–ਮਦਦ ਲਈ ਗਾਈਡਾਂ

# ਐਪਲੀਕੇਸ਼ਨ ਗਾਈਡ

**ਤਿਆਰ ਕਰਤਾ**
ਡਿਸਏਬਿਲਟੀ ਅਲਾਇੰਸ ਬੀ ਸੀ

**ਫੰਡ ਇਨ੍ਹਾਂ ਤੋਂ ਮਿਲੇ**
ਲਾਅ ਫਾਊਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ | ਲੀਗਲ ਸਰਵਿਸਿਜ਼ ਸੁਸਾਇਟੀ | ਨੋਟਰੀ ਫਾਊਂਡੇਸ਼ਨ ਔਫ ਬੀ ਸੀ

2025

disability alliance bc

THE LAW FOUNDATION OF BRITISH COLUMBIA

Legal Services Society
British Columbia
www.legalaid.bc.ca

BC Notaries
A TRUSTED TRADITION

## ਵਿਸ਼ਾ-ਵਸਤੂ


ਸੀ ਪੀ ਪੀ ਬਾਰੇ ........ 3

ਮਿਲਣ ਵਾਲੀ ਰਕਮ ਦਾ ਰੇਟ ........ 3

ਸੀ ਪੀ ਪੀ-ਡੀ ਲਈ ਯੋਗ ਹੋਣਾ ........ 4

- ਯੋਗਦਾਨ ........ 4
- ਮਿਨੀਮਮ ਕੁਆਲੀਫਾਇੰਗ ਪੀਰੀਅਡ (ਐੱਮ ਕਿਊ ਪੀ) ........ 4
- ਖਾਸ ਵਿਵਸਥਾਵਾਂ ........ 5
- ਯੋਗਦਾਨਾਂ ਨਾਲ ਸੰਬੰਧਿਤ ਹੋਰ ਮੁੱਦੇ ........ 5

ਸੀ ਪੀ ਪੀ-ਡੀ ਦੀ ਪਰਿਭਾਸ਼ਾ ........ 5

ਐਪਲੀਕੇਸ਼ਨ ........ 6

- ਕਦਮ 1 | ਆਪਣੀ ਐਪਲੀਕੇਸ਼ਨ ਲਉ ਅਤੇ ਇਸ 'ਤੇ ਵਿਚਾਰ ਕਰੋ ........ 6
- ਕਦਮ 2 | ਸੀ ਪੀ ਪੀ-ਡੀ ਲਈ ਸਵਾਲਨਾਮਾ ਭਰਨਾ ........ 6
- ਕਦਮ 3 | ਮੈਡੀਕਲ ਰਿਪੋਰਟ ........ 9
- ਕਦਮ 4 | ਮਦਦ ਕਰਨ ਵਾਲੇ ਹੋਰ ਪੇਪਰ ........ 10
- ਕਦਮ 5 | ਆਪਣੀ ਐਪਲੀਕੇਸ਼ਨ ਇਕੱਠੀ ਕਰਨਾ ........ 11
- ਕਦਮ 6 | ਈ ਐੱਸ ਡੀ ਸੀ ਕੋਲ ਆਪਣੀ ਐਪਲੀਕੇਸ਼ਨ ਦਰਜ ਕਰਵਾਉਣਾ ........ 11

ਅੰਤਿਕਾ ਏ | ਖਾਸ ਧਰਾਵਾਂ (ਸੀ ਪੀ ਪੀ ਯੋਗਦਾਨ) ........ 14

ਅੰਤਿਕਾ ਬੀ | ਡਿਸਏਬਿਲਟੀ ਦੀ ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਾ ........ 17

ਅੰਤਿਕਾ ਸੀ | ਆਪਣੇ ਡਾਕਟਰ ਲਈ ਚਿੱਠੀ ਦਾ ਨਮੂਨਾ ........ 18

ਅੰਤਿਕਾ ਡੀ | ਸੰਪਰਕ ਅਤੇ ਵਸੀਲੇ ........ 20

ਅੰਤਿਕਾ ਈ | ਟਰਮੀਨਲ ਇਲਨੈੱਸ ਐਪਲੀਕੇਸ਼ਨ ਫਾਰ ਡਿਸਏਬਿਲਟੀ ਬੈਨੇਫਿਟਸ (ਟੀ ਆਈ ਏ ਡੀ) ........ 21

ਅੰਤਿਕਾ ਐੱਫ | ਗੰਭੀਰ ਮੈਡੀਕਲ ਹਾਲਤਾਂ ........ 23


ਡਿਸਏਬਿਲਟੀ ਅਲਾਇੰਸ ਬੀ ਸੀ ਦੇ ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਪ੍ਰੋਗਰਾਮ ਵਲੋਂ ਤਿਆਰ ਕੀਤੀ ਗਈ। ਇਸ ਲੜੀ ਲਈ ਫੰਡ ਦੇਣ ਵਾਸਤੇ ਲਾਅ ਫਾਊਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ, ਲੀਗਲ ਸਰਵਿਸਿਜ਼ ਸੁਸਾਇਟੀ ਅਤੇ ਨੋਟਰੀ ਫਾਊਂਡੇਸ਼ਨ ਔਫ ਬੀ ਸੀ ਦਾ ਧੰਨਵਾਦ।

Disability Alliance BC
1450-605 Robson St., Vancouver, BC V6B 5J3
ਟੈਲੀਫੋਨ: 604-872-1278 | ਟੋਲ ਫ੍ਰੀ 1-800-663-1278
ਫੈਕਸ: 604-875-9227
https://disabilityalliancebc.org

ਸੀ ਪੀ ਪੀ ਡਿਸਏਬਿਲਟੀ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ: https://disabilityalliancebc.org/publications/.

**ਇਸ ਗਾਈਡ ਵਿਚਲੀ ਜਾਣਕਾਰੀ ਉਸ ਕਾਨੂੰਨ 'ਤੇ ਆਧਾਰਿਤ ਹੈ ਜਿਹੜਾ ਇਸ ਨੂੰ ਲਿਖਣ ਦੇ ਸਮੇਂ ਸੀ। ਕਾਨੂੰਨ ਅਤੇ ਪਾਲਸੀ ਕਦੇ ਵੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਗਾਈਡ 'ਤੇ ਤਾਰੀਕ ਚੈੱਕ ਕਰੋ।**

**ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੇ ਇਹ ਗਾਈਡ ਇਹ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ ਕਿ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਬੈਨੇਫਿਟ (ਸੀ ਪੀ ਪੀ-ਡੀ) ਲਈ ਕਿਵੇਂ ਅਪਲਾਈ ਕਰਨਾ ਹੈ। ਇਹ ਗਾਈਡ ਸੀ ਪੀ ਪੀ-ਡੀ ਲਈ ਯੋਗਤਾ ਦੇ ਨਿਯਮਾਂ 'ਤੇ ਵਿਚਾਰ ਕਰਦੀ ਹੈ ਅਤੇ ਇਹ ਕਦਮ-ਦਰ-ਕਦਮ ਵੇਰਵਾ ਦਿੰਦੀ ਹੈ ਕਿ ਐਪਲੀਕੇਸ਼ਨ ਫਾਰਮ ਕਿਵੇਂ ਮੁਕੰਮਲ ਕਰਨਾ ਹੈ।**

# ਸੀ ਪੀ ਪੀ ਬਾਰੇ

ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਦਾ ਪ੍ਰਬੰਧ ਫੈਡਰਲ ਸਰਕਾਰ ਵਲੋਂ ਚਲਾਇਆ ਜਾਂਦਾ ਹੈ। ਸੀ ਪੀ ਪੀ ਲਈ ਜ਼ਿੰਮੇਵਾਰ ਵਿਭਾਗ ਇਮਪਲੌਏਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ) ਹੈ।

ਸੀ ਪੀ ਪੀ ਕਿਊਬੈਕ ਤੋਂ ਬਿਨਾਂ ਬਾਕੀ ਹਰ ਸੂਬੇ ਵਿਚ ਚੱਲਦੀ ਹੈ, ਜਿੱਥੇ ਇਸ ਤਰ੍ਹਾਂ ਦਾ ਹੀ ਇਕ ਹੋਰ ਪ੍ਰੋਗਰਾਮ ਹੈ ਜਿਸ ਨੂੰ ਕਿਊਬੈਕ ਪੈਨਸ਼ਨ ਪਲੈਨ ਆਖਿਆ ਜਾਂਦਾ ਹੈ। ਸੀ ਪੀ ਪੀ ਬਾਰੇ ਕਾਨੂੰਨ ਕਈ ਵੱਖ ਵੱਖ ਭੱਤੇ (ਬੈਨੇਫਿਟਸ) ਪ੍ਰਦਾਨ ਕਰਦਾ ਹੈ ਜਿਸ ਵਿਚ ਸ਼ਾਮਲ ਹਨ:

- ਡਿਸਏਬਿਲਟੀ ਬੈਨੇਫਿਟਸ (ਸੀ ਪੀ ਪੀ-ਡੀ)
- ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਲੈ ਰਹੇ ਲੋਕਾਂ ਦੇ ਬੱਚਿਆਂ ਲਈ ਬੈਨੇਫਿਟਸ (ਭੱਤੇ)
- ਰਿਟਾਇਰਮੈਂਟ ਪੈਨਸ਼ਨਜ਼
- ਡੈੱਥ ਬੈਨੇਫਿਟਸ
- ਸਰਵਾਈਵਰਜ਼ ਬੈਨੇਫਿਟਸ
- ਮ੍ਰਿਤਕ ਯੋਗਦਾਨੀਆਂ ਦੇ ਬੱਚਿਆਂ ਲਈ ਬੈਨੇਫਿਟਸ

# ਮਿਲਣ ਵਾਲੀ ਰਕਮ ਦਾ ਰੇਟ

ਕੈਨੇਡਾ ਵਿਚ ਕੰਮ ਕਰਨ ਵਾਲੇ ਬਹੁਤੇ ਲੋਕ ਸੀ ਪੀ ਪੀ ਲਈ ਯੋਗਦਾਨ ਪਾਉਂਦੇ ਹਨ, ਇਸ ਤਰ੍ਹਾਂ ਉਹ ਸੀ ਪੀ ਪੀ ਰਿਟਾਇਰਮੈਂਟ ਪੈਨਸ਼ਨ ਲਈ ਯੋਗ ਹਨ। ਕਿਸੇ ਵਿਅਕਤੀ ਨੂੰ ਸੀ ਪੀ ਪੀ ਰਿਟਾਇਰਮੈਂਟ ਬੈਨੇਫਿਟਸ (ਭੱਤੇ) ਉਸ ਸਲਾਨਾ ਕਮਾਈ ਤੋਂ ਪਾਏ ਗਏ ਯੋਗਦਾਨਾਂ ਦੇ ਆਧਾਰ 'ਤੇ ਮਿਲਦੇ ਹਨ ਜਿਹੜੇ ਉਹ ਘੱਟੋ ਘੱਟ ਰਕਮ ਤੋਂ ਉਪਰ ਪਾਉਂਦੇ ਹਨ।

ਕਿਸੇ ਵਿਅਕਤੀ ਨੂੰ ਸੀ ਪੀ ਪੀ-ਡੀ ਦੀ ਮਿਲਣ ਵਾਲੀ ਰਕਮ ਉਨ੍ਹਾਂ ਦੇ ਅੰਦਾਜ਼ਨ ਰਿਟਾਇਰਮੈਂਟ ਬੈਨੇਫਿਟ ਦੇ ਇਕ ਹਿੱਸੇ ਅਤੇ ਬੱਝਵੇਂ ਰੇਟ ਵਾਲੀ ਰਕਮ ਦੇ ਆਧਾਰ 'ਤੇ ਹੁੰਦੀ ਹੈ। ਉਦਾਹਰਣ ਲਈ ਸਾਲ 2025 ਵਿਚ, ਮਾਸਕ ਬੱਝਵਾਂ ਰੇਟ $598.49 ਹੈ। ਸੀ ਪੀ ਪੀ-ਡੀ ਨੂੰ ਮਹਿੰਗਾਈ ਨਾਲ ਜੋੜਿਆ ਗਿਆ ਹੈ, ਇਸ ਲਈ ਹਰ ਸਾਲ ਰੇਟਾਂ ਵਿਚ ਥੋੜ੍ਹਾ ਜਿਹਾ ਫਰਕ ਪੈਂਦਾ ਹੈ। ਸਾਲ 2025 ਵਿਚ, ਮਾਸਕ ਬੈਨੇਫਿਟ (ਭੱਤੇ) ਦੀ ਵੱਧ ਤੋਂ ਵੱਧ ਰਕਮ $1,673.24 ਹੈ। ਸਾਲ 2025 ਵਿਚ ਔਸਤ ਮਾਸਕ ਬੈਨੇਫਿਟ $1,198.66 ਸੀ।

ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਲੈਣ ਵਾਲੇ ਲੋਕਾਂ ਲਈ, ਪਲੈਨ 18 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਲਈ ਵੀ ਬੈਨੇਫਿਟ ਦਿੰਦੀ ਹੈ। ਸਾਲ 2025 ਵਿਚ, ਰਕਮ $301.77 ਹੈ। ਇਹ ਬੈਨੇਫਿਟ ਬੱਚੇ ਲਈ ਹੈ ਅਤੇ ਕਸਟੱਡੀ ਵਾਲੇ ਮਾਪੇ ਨੂੰ ਦਿੱਤਾ ਜਾਂਦਾ ਹੈ। ਸਾਂਝੀ ਕਸਟੱਡੀ ਦੇ ਕੇਸਾਂ ਵਿਚ, ਸਰਵਿਸ ਕੈਨੇਡਾ ਚਾਇਲਡ ਬੈਨੇਫਿਟ ਉਸ ਵਿਅਕਤੀ ਨੂੰ ਦੇਣ ਬਾਰੇ ਵਿਚਾਰ ਕਰੇਗਾ ਜਿਹੜਾ ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਲੈ ਰਿਹਾ ਹੈ।

ਜੇ ਸੀ ਪੀ ਪੀ ਡਿਸਏਬਿਲਟੀ ਲੈਣ ਵਾਲੇ ਦੇ ਬੱਚੇ ਦੀ ਉਮਰ 19 ਅਤੇ 25 ਸਾਲ ਦੇ ਵਿਚਕਾਰ ਹੈ ਅਤੇ ਉਹ ਬੱਚਾ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿਚ ਪੂਰੇ ਸਮੇਂ ਦੀ ਪੜ੍ਹਾਈ ਕਰਨ ਲਈ ਦਾਖਲ ਹੈ ਤਾਂ ਬੱਚੇ ਵਾਲਾ ਇਹ ਹਿੱਸਾ ਜਾਰੀ ਰਹਿ ਸਕਦਾ ਹੈ। ਪਰ, ਇਹ ਪੇਮੈਂਟਾਂ ਡਿਸਏਬਲ ਮਾਪੇ ਨੂੰ ਨਹੀਂ ਦਿੱਤੀਆਂ ਜਾਂਦੀਆਂ ਸਗੋਂ ਬਾਲਗ ਬੱਚੇ ਨੂੰ ਸਿੱਧੀਆਂ ਦਿੱਤੀਆਂ ਜਾਂਦੀਆਂ ਹਨ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਮਾਸਕ ਸੀ ਪੀ ਪੀ–ਡੀ ਰੇਟ ਸੂਬੇ ਦੇ ਡਿਸਏਬਿਲਟੀ ਅਸਿਸਟੈਂਸ ਰੇਟ ਨਾਲੋਂ ਘੱਟ ਹੈ (ਉਦਾਹਰਣ ਲਈ, ਡਿਸਏਬਿਲਟੀਜ਼ ਵਾਲੇ ਵਿਅਕਤੀ ਦੇ ਦਰਜੇ ਨਾਲ ਇਕੱਲੇ ਵਿਅਕਤੀ ਲਈ ਵੱਧ ਤੋਂ ਵੱਧ ਰਕਮ $1,483.50 ਪ੍ਰਤੀ ਮਹੀਨਾ ਹੈ) ਤਾਂ ਤੁਸੀਂ ਸੂਬੇ ਦੀ ਸਰਕਾਰ ਵਲੋਂ ਫਰਕ ਪੂਰਾ ਕੀਤੇ ਜਾਣ (ਟੌਪ–ਅੱਪ) ਲਈ ਯੋਗ ਹੋ ਸਕਦੇ ਹੋ। ਇਸ ਬਾਰੇ ਜ਼ਿਆਦਾ ਜਾਣਕਾਰੀ ਲਈ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਦੇ ਆਪਣੇ ਲੋਕਲ ਦਫਤਰ ਨਾਲ ਸੰਪਰਕ ਕਰੋ।

# ਸੀ ਪੀ ਪੀ–ਡੀ ਲਈ ਯੋਗ ਹੋਣਾ

ਸੀ ਪੀ ਪੀ–ਡੀ ਦੇ ਯੋਗ ਹੋਣ ਲਈ ਤੁਹਾਡੇ ਵਾਸਤੇ ਇਹ ਜ਼ਰੂਰੀ ਹੈ:

- 65 ਸਾਲ ਤੋਂ ਘੱਟ ਉਮਰ ਦੇ ਹੋਣਾ
- ਲੋੜੀਂਦੀ ਮਾਤਰਾ ਵਿਚ ਯੋਗਦਾਨ ਪਾਏ ਹੋਣਾ
- ਸੀ ਪੀ ਪੀ ਅਰਲੀ ਰਿਟਾਇਰਮੈਂਟ 15 ਮਹੀਨਿਆਂ ਨਾਲੋਂ ਜ਼ਿਆਦਾ ਸਮਾਂ ਨਾ ਲਏ ਹੋਣਾ (ਜੇ ਤੁਸੀਂ ਬਾਕੀ ਸਾਰੀ ਯੋਗਤਾ ਪੂਰੀ ਕਰਦੇ ਹੋਵੋ ਤਾਂ ਪੋਸਟ ਰਿਟਾਇਰਮੈਂਟ ਡਿਸਏਬਿਲਟੀ ਬੈਨੇਫਿਟ ਬਾਰੇ ਜਾਣਕਾਰੀ ਲਈ ਅੰਤਿਕਾ ਏ ਦੇਖੋ)
- ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਤ ਕੀਤੇ ਗਏ ਮੁਤਾਬਕ ਡਿਸਏਬਿਲਟੀ "ਸਖਤ ਅਤੇ ਲੰਮੇ ਸਮੇਂ" ਲਈ ਹੈ।

### ਯੋਗਦਾਨ

ਸੀ ਪੀ ਪੀ–ਡੀ ਦੇ ਯੋਗ ਹੋਣ ਲਈ, ਤੁਹਾਡੇ ਲਈ ਢੁਕਵੇਂ ਸਮੇਂ ਲਈ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਲਈ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ।

### ਮਿਨੀਮਮ ਕੁਆਲੀਫਾਇੰਗ ਪੀਰੀਅਡ (ਐੱਮ ਕਿਊ ਪੀ)

ਐੱਮ ਕਿਊ ਪੀ ਉਹ ਘੱਟ ਤੋਂ ਘੱਟ ਸਮਾਂ ਹੈ ਜਿਸ ਲਈ ਤੁਸੀਂ ਸੀ ਪੀ ਪੀ–ਡੀ ਬੈਨੇਫਿਟਸ ਲਈ ਯੋਗ ਹੋਣ ਵਾਸਤੇ (ਜਿਵੇਂ ਕਿ ਸੀ ਪੀ ਪੀ ਦੇ ਕਾਨੂੰਨ ਵਿਚ ਦੱਸਿਆ ਗਿਆ ਹੈ) ਡਿਸਏਬਲ ਹੋਣ ਤੋਂ ਫੌਰਨ ਪਹਿਲਾਂ ਦੇ ਸਾਲਾਂ ਵਿਚ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਵਿਚ ਯੋਗਦਾਨ ਪਾਏ ਹੋਣਾ ਜ਼ਰੂਰੀ ਹੈ।

ਐੱਮ ਕਿਊ ਪੀ ਦਾ ਹਿਸਾਬ ਤਾਜ਼ਾ ਸਾਲਾਂ ਦੀ ਗਿਣਤੀ ਕਰਕੇ ਲਾਇਆ ਜਾਂਦਾ ਹੈ ਜਿਨ੍ਹਾਂ ਵਿਚ ਤੁਸੀਂ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ। ਸੀ ਪੀ ਪੀ–ਡੀ ਲਈ ਯੋਗ ਹੋਣ ਲਈ, ਤੁਹਾਡੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਤੁਸੀਂ ਆਪਣੇ ਐੱਮ ਕਿਊ ਪੀ ਦੇ ਅੰਤ 'ਤੇ ਡਿਸਏਬਲ ਹੋਏ ਸੀ। ਕਿਸੇ ਵਿਅਕਤੀ ਦੇ ਐੱਮ ਕਿਊ ਪੀ ਦਾ ਅੰਤ ਆਮ ਤੌਰ 'ਤੇ ਉਸ ਦੇ ਯੋਗ ਹੋਣ ਦੇ ਆਖਰੀ ਸਾਲ ਦੀ 31 ਦਸੰਬਰ ਹੁੰਦਾ ਹੈ।

ਜੇ ਤੁਸੀਂ ਸਿਰਫ ਚਾਰ ਸਾਲ ਕੰਮ ਕੀਤਾ ਹੈ ਤਾਂ ਸੀ ਪੀ ਪੀ–ਡੀ ਦੇ ਯੋਗ ਹੋਣ ਲਈ ਇਨ੍ਹਾਂ ਚਾਰ ਸਾਲਾਂ ਦੇ **ਹਰ** ਸਾਲ ਵਿਚ ਤੁਹਾਡੇ ਲਈ ਸੀ ਪੀ ਪੀ ਵਿਚ ਵਾਜਬ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ।

ਜੇ ਤੁਸੀਂ ਚਾਰ ਨਾਲੋਂ ਜ਼ਿਆਦਾ ਸਾਲ ਕੰਮ ਕੀਤਾ ਹੈ ਤਾਂ ਫਿਰ ਬਹੁਤੇ ਕੇਸਾਂ ਵਿਚ ਤੁਹਾਡੇ ਲਈ ਡਿਸਏਬਲ ਹੋਣ ਤੋਂ ਪਹਿਲਾਂ ਘੱਟੋ ਘੱਟ **ਪਿਛਲੇ ਛੇ ਸਾਲਾਂ ਵਿੱਚੋਂ ਚਾਰ ਸਾਲ** ਸੀ ਪੀ ਪੀ ਲਈ ਵਾਜਬ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ। ਇਸ ਨੂੰ "ਛੇ ਸਾਲਾਂ ਵਿੱਚੋਂ ਚਾਰ ਸਾਲ ਦੇ ਨਿਯਮ" ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਹ ਉਸ ਹਰ ਇਕ 'ਤੇ ਲਾਗੂ ਹੁੰਦਾ ਹੈ ਜੋ **1 ਜਨਵਰੀ, 1998 ਨੂੰ ਜਾਂ ਇਸ ਤੋਂ ਬਾਅਦ** ਡਿਸਏਬਲ ਹੋਇਆ ਹੈ।

ਬਦਲਵੇਂ ਰੂਪ ਵਿਚ, ਜੇ ਤੁਸੀਂ 29 ਫਰਵਰੀ, 2008 ਤੋਂ ਬਾਅਦ ਸੀ ਪੀ ਪੀ–ਡੀ ਲਈ ਅਪਲਾਈ ਕਰ ਰਹੇ ਹੋ, ਅਤੇ ਈ ਐੱਸ ਡੀ ਸੀ ਇਹ ਫੈਸਲਾ ਕਰਦੀ ਹੈ ਕਿ ਤੁਸੀਂ **1 ਦਸੰਬਰ, 2006 ਨੂੰ ਜਾਂ ਇਸ ਤੋਂ ਬਾਅਦ** ਡਿਸਏਬਲ ਹੋਏ ਹੋ ਅਤੇ ਜੇ ਤੁਸੀਂ 25 ਸਾਲ ਜਾਂ ਜ਼ਿਆਦਾ ਸਮੇਂ ਲਈ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ ਤਾਂ ਫਿਰ ਤੁਹਾਡੇ ਲਈ ਪਿਛਲੇ ਛੇ ਸਾਲਾਂ ਵਿੱਚੋਂ ਚਾਰ ਸਾਲ ਯੋਗਦਾਨ ਪਾਇਆ ਹੋਣਾ ਜ਼ਰੂਰੀ ਨਹੀਂ ਹੈ। ਤੁਸੀਂ ਯੋਗ ਹੋ ਸਕਦੇ ਹੋ ਜੇ ਤੁਸੀਂ ਡਿਸਏਬਲ ਹੋਣ ਤੋਂ ਪਹਿਲਾਂ ਦੇ **ਛੇ ਸਾਲਾਂ ਵਿੱਚੋਂ ਤਿੰਨ ਸਾਲ ਕੰਮ ਕੀਤਾ ਹੈ ਕੰਮ ਕੀਤਾ ਹੈ** ਅਤੇ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ, ਜਿਵੇਂ ਕਿ ਕਾਨੂੰਨ ਵਿਚ ਨਿਸ਼ਚਿਤ ਕੀਤਾ ਗਿਆ ਹੈ।

### ਖਾਸ ਵਿਵਸਥਾਵਾਂ

ਕੁਝ ਹਾਲਤਾਂ ਜਾਂ "ਖਾਸ ਵਿਵਸਥਾਵਾਂ" ਵਿਚ, ਤੁਸੀਂ ਸੀ ਪੀ ਪੀ–ਡੀ ਲਈ ਯੋਗ ਹੋ ਸਕਦੇ ਹੋ, ਭਾਵੇਂ ਤੁਹਾਡੇ ਯੋਗਦਾਨ ਉੱਪਰ ਦੱਸੀਆਂ ਸ਼ਰਤਾਂ ਨਾ ਵੀ ਪੂਰੀਆਂ ਕਰਦੇ ਹੋਣ। ਇਨ੍ਹਾਂ ਖਾਸ ਵਿਵਸਥਾਵਾਂ ਬਾਰੇ ਵੇਰਵਿਆਂ ਲਈ ਕਿਰਪਾ ਕਰਕੇ ਇਸ ਗਾਈਡ ਵਿਚ ਅੰਤਿਕਾ ਏ ਦੇਖੋ।

### ਯੋਗਦਾਨਾਂ ਨਾਲ ਸੰਬੰਧਿਤ ਹੋਰ ਮੁੱਦੇ

- ਜੇ ਤੁਸੀਂ ਕਿਊਬੈਕ ਵਿਚ ਕੰਮ ਕੀਤਾ ਹੈ ਤਾਂ ਤੁਹਾਡੇ ਕਿਊਬੈਕ ਪੈਨਸ਼ਨ ਪਲੈਨ ਲਈ ਯੋਗਦਾਨ ਤੁਹਾਡੇ ਸੀ ਪੀ ਪੀ ਯੋਗਦਾਨਾਂ ਨਾਲ ਇਕੱਠੇ ਕੀਤੇ ਜਾ ਸਕਦੇ ਹਨ।
- ਜੇ ਤੁਸੀਂ ਅਜਿਹੇ ਕਿਸੇ ਹੋਰ ਦੇਸ਼ ਵਿਚ ਕੰਮ ਕੀਤਾ ਹੈ ਜਿਸ ਦਾ ਕੈਨੇਡਾ ਨਾਲ ਸੋਸ਼ਲ ਸਕਿਊਰਟੀ ਐਗਰੀਮੈਂਟ ਹੈ ਤਾਂ ਉਸ ਦੇਸ਼ ਦੇ ਸੋਸ਼ਲ ਸਕਿਊਰਟੀ ਪ੍ਰੋਗਰਾਮ ਵਿਚ ਪਾਏ ਗਏ ਯੋਗਦਾਨ ਸੀ ਪੀ ਪੀ ਵਿਚ ਯੋਗਦਾਨ ਦੀ ਸ਼ਰਤ ਪੂਰੀ ਕਰਨ ਵਿਚ ਆਪਣੀ ਮਦਦ ਕਰਨ ਲਈ ਵਰਤੇ ਜਾ ਸਕਦੇ ਹਨ।
- ਜੇ ਤੁਸੀਂ ਅਲੱਗ ਜਾਂ ਤਲਾਕਸ਼ੁਦਾ ਹੋ (ਸਮੇਤ ਕੌਮਨ ਲਾਅ ਸੰਬੰਧਾਂ ਦੇ) ਤਾਂ ਤੁਸੀਂ ਉਸ ਸਮੇਂ ਦੌਰਾਨ ਦੇ ਆਪਣੇ ਸਾਬਕਾ ਪਾਰਟਨਰ ਦੇ ਸੀ ਪੀ ਪੀ ਯੋਗਦਾਨਾਂ ਦਾ ਹਿੱਸਾ ਕਲੇਮ ਕਰ ਸਕਦੇ ਹੋ ਜਦੋਂ ਤੁਸੀਂ ਇਕੱਠੇ ਰਹਿੰਦੇ ਸੀ। ਇਸ ਨੂੰ "ਕਰੈਡਿਟ ਸਪਲਿਟਿੰਗ" ਆਖਿਆ ਜਾਂਦਾ ਹੈ ਅਤੇ ਇਹ ਯੋਗਦਾਨ ਜਾਂ ਕਰੈਡਿਟ ਤੁਹਾਨੂੰ ਸੀ ਪੀ ਪੀ–ਡੀ ਲਈ ਯੋਗ ਬਣਾਉਣ ਵਿਚ ਮਦਦ ਕਰ ਸਕਦੇ ਹਨ ਭਾਵੇਂ ਤੁਸੀਂ ਕੰਮ ਨਹੀਂ ਵੀ ਕੀਤਾ ਹੈ।

## ਸੀ ਪੀ ਪੀ–ਡੀ ਦੀ ਪਰਿਭਾਸ਼ਾ

ਜੇ ਤੁਸੀਂ ਲੋੜੀਂਦੇ ਯੋਗਦਾਨ ਪਾਏ ਹਨ ਤਾਂ ਅਗਲਾ ਕਦਮ ਇਹ ਦਿਖਾਉਣਾ ਹੈ ਕਿ ਤੁਸੀਂ ਸੀ ਪੀ ਪੀ ਦੇ ਕਾਨੂੰਨ ਵਿਚ ਦੱਸੀ ਗਈ ਡਿਸਏਬਿਲਟੀ ਦੀ ਪਰਿਭਾਸ਼ਾ ਪੂਰੀ ਕਰਦੇ ਹੋ। ਇਹ ਕਰਨ ਲਈ ਤੁਹਾਡੇ ਵਾਸਤੇ ਇਹ ਦਿਖਾਉਣਾ ਜ਼ਰੂਰੀ ਹੈ ਕਿ ਤੁਹਾਡੀ ਡਿਸਏਬਿਲਟੀ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਹੈ।

ਸੀ ਪੀ ਪੀ ਦਾ ਕਾਨੂੰਨ "ਸਖਤ" ਨੂੰ ਉਸ ਹਾਲਤ ਵਜੋਂ ਪਰਿਭਾਸ਼ਤ ਕਰਦਾ ਹੈ ਜਿਹੜੀ "ਕਿਸੇ ਵਿਅਕਤੀ ਨੂੰ ਨੇਮ ਨਾਲ ਕੋਈ ਕਾਫੀ ਫਾਇਦੇਮੰਦ ਕੰਮ ਲੱਭਣ ਤੋਂ ਰੋਕਦੀ ਹੈ।" "ਲੰਮਾ ਸਮਾਂ ਰਹਿਣ ਵਾਲੀ" ਨੂੰ "ਅਜਿਹੀ ਸਖਤ ਡਿਸਏਬਿਲਟੀ ਜਿਸ ਦੇ ਲੰਮਾ ਸਮਾਂ ਅਤੇ ਅਨਿਸ਼ਚਤ ਮਿਆਦ ਲਈ ਜਾਰੀ ਰਹਿਣ ਦੀ ਸੰਭਾਵਨਾ ਹੈ ਜਾਂ ਜਿਸ ਦਾ ਨਤੀਜਾ ਮੌਤ ਵਿਚ ਨਿਕਲਣ ਦੀ ਸੰਭਾਵਨਾ ਹੈ..." ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।

ਪਰਿਭਾਸ਼ਾ ਦੇ ਅਸਲੀ ਸ਼ਬਦਾਂ ਲਈ ਕਿਰਪਾ ਕਰਕੇ ਇਸ ਗਾਈਡ ਵਿਚ ਅੰਤਿਕਾ ਬੀ ਦੇਖੋ।

# ਐਪਲੀਕੇਸ਼ਨ

ਜੇ ਤੁਸੀਂ ਸੀ ਪੀ ਪੀ-ਡੀ ਲਈ ਕਿਸੇ ਮਾਰੂ ਹਾਲਤ ਜਾਂ ਗੰਭੀਰ ਮੈਡੀਕਲ ਸਰੋਕਾਰ ਦੇ ਕਾਰਨ ਅਪਲਾਈ ਕਰ ਰਹੇ ਹੋ ਤਾਂ ਕਿਰਪਾ ਕਰਕੇ ਕ੍ਰਮਵਾਰ ਅੰਤਿਕਾਵਾਂ ਈ ਅਤੇ ਐੱਫ ਦੇਖੋ।

## ਕਦਮ 1 | ਆਪਣੀ ਐਪਲੀਕੇਸ਼ਨ ਲਉ ਅਤੇ ਇਸ 'ਤੇ ਵਿਚਾਰ ਕਰੋ

ਤੁਸੀਂ ਸੀ ਪੀ ਪੀ-ਡੀ ਐਪਲੀਕੇਸ਼ਨ ਫਾਰਮ ਸਰਵਿਸ ਕੈਨੇਡਾ ਦੇ ਆਪਣੇ ਲੋਕਲ ਦਫਤਰ ਨਾਲ ਸੰਪਰਕ ਕਰਕੇ ਜਾਂ ਜਾਣਕਾਰੀ ਦੇਣ ਵਾਲੇ ਆਮ ਨੰਬਰ ਨੂੰ ਫੋਨ ਕਰਕੇ ਲੈ ਸਕਦੇ ਹੋ: 1-800-277-9914.

ਐਪਲੀਕੇਸ਼ਨ ਫਾਰਮ www.canada.ca/en/services/benefits/publicpensions/cpp.html 'ਤੇ ਸਰਵਿਸ ਕੈਨੇਡਾ ਦੇ ਵੈੱਬਸਾਈਟ ਤੋਂ ਵੀ ਡਾਊਨਲੋਡ ਅਤੇ ਪ੍ਰਿੰਟ ਕੀਤੇ ਜਾ ਸਕਦੇ ਹਨ।

## ਕਦਮ 2 | ਸੀ ਪੀ ਪੀ-ਡੀ ਲਈ ਸਵਾਲਨਾਮਾ ਭਰਨਾ

ਸਵਾਲਨਾਮੇ ਉੱਪਰਲੇ ਇਹ ਸਵਾਲ ਧਿਆਨ ਨਾਲ ਪੜ੍ਹੇ ਜਾਣ ਅਤੇ ਸੋਚ ਸਮਝ ਕੇ ਜਵਾਬ ਦਿੱਤੇ ਜਾਣ ਦੀ ਲੋੜ ਹੈ।

ਇੱਥੇ ਦਿੱਤਾ ਗਿਆ ਜਵਾਬ ਅਕਸਰ ਸਵਾਲ 5 ਨਾਲ ਮੇਲ ਖਾਵੇਗਾ ਜੋ ਤੁਹਾਨੂੰ ਤੁਹਾਡੇ ਕੰਮ ਦੇ ਆਖਰੀ ਦਿਨ ਲਈ ਪੁੱਛਦਾ ਹੈ। ਜੇ ਦੋ ਤਾਰੀਕਾਂ ਵੱਖਰੀਆਂ ਹੋਣ ਤਾਂ ਇਹ ਵਰਣਨ ਕਰਨਾ ਮਹੱਤਵਪੂਰਨ ਹੈ ਕਿ ਅਜਿਹਾ ਕਿਉਂ ਹੋਇਆ ਹੈ।

### ਸਵਾਲ ਬੀ 1

ਜੇ ਤੁਸੀਂ ਇਸ ਭਾਗ ਵਿਚ ਇਹ ਦੱਸਦੇ ਹੋ ਕਿ ਤੁਸੀਂ ਤਲਾਕਸ਼ੁਦਾ ਹੋ ਜਾਂ ਇਹ ਕਿ ਤੁਸੀਂ ਅਲੱਗ ਹੋ ਗਏ ਹੋ ਜਾਂ ਕੌਮਨ ਲਾਅ ਸੰਬੰਧਾਂ ਵਿਚ ਸੀ ਜੋ ਖਤਮ ਹੋ ਗਏ ਹਨ ਤਾਂ ਸਰਵਿਸ ਕੈਨੇਡਾ ਤੁਹਾਨੂੰ ਡਾਕ ਰਾਹੀਂ ਕਰੈਡਿਟ ਸਪਲਿਟ ਐਪਲੀਕੇਸ਼ਨ ਭੇਜੇਗੀ।

ਕਰੈਡਿਟ ਸਪਲਿਟ ਉਸ ਵਿਅਕਤੀ ਨੂੰ ਫਾਇਦਾ ਦੇਵੇਗਾ ਜਿਸ ਨੇ ਇਕੱਠਾ ਰਹਿਣ ਦੇ ਸਮੇਂ ਦੌਰਾਨ ਸਭ ਤੋਂ ਘੱਟ ਯੋਗਦਾਨ ਪਾਏ ਹਨ। ਸੰਬੰਧਾਂ ਵਿਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲਾ ਵਿਅਕਤੀ ਕਰੈਡਿਟ ਸਪਲਿਟ ਦਰਜ ਨਹੀਂ ਕਰਵਾਉਣਾ ਚਾਹੁੰਦਾ ਕਿਉਂਕਿ ਕਰੈਡਿਟ ਸਪਲਿਟ ਸੀ ਪੀ ਪੀ ਦੀ ਉਸ ਰਕਮ ਨੂੰ ਘਟਾ ਦੇਵੇਗਾ ਜਿਹੜੀ ਉਹ ਲੈ ਸਕਦੇ ਹਨ।

### ਸਵਾਲ ਬੀ 3

ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਬੱਚੇ ਨੂੰ ਪਾਲਣ ਦੀ ਵਿਵਸਥਾ ਤੁਹਾਡੇ ਕੇਸ ਵਿਚ ਵਿਚ ਲਾਗੂ ਹੁੰਦੀ ਹੈ ਕਿ ਨਹੀਂ ਤਾਂ ਕਿਰਪਾ ਕਰਕੇ ਆਪਣੇ ਸੀ ਪੀ ਪੀ-ਡੀ ਐਪਲੀਕੇਸ਼ਨ ਫਾਰਮ ਵਿਚ ਅੰਤਿਕਾ ਏ ਵਿਚਲੀ ਗਾਈਡ ਦੇਖੋ।

## ਭਾਗ ਸੀ – ਤੁਹਾਡੀਆਂ ਮੈਡੀਕਲ ਹਾਲਤਾਂ ਬਾਰੇ ਜਾਣਕਾਰੀ

ਸੀ ਪੀ ਪੀ-ਡੀ ਲਈ ਐਪਲੀਕੇਸ਼ਨ ਵਿਚਲੇ ਕੁਝ ਸਵਾਲ ਖਾਸ ਤੌਰ 'ਤੇ ਮਹੱਤਵਪੂਰਨ ਹਨ ਅਤੇ ਇਹ ਤੁਹਾਡੀ ਐਪਲੀਕੇਸ਼ਨ ਦੇ ਨਤੀਜੇ 'ਤੇ ਅਸਰ ਪਾ ਸਕਦੇ ਹਨ। ਇਸ ਭਾਗ ਵਿਚ ਜਿਹੜੇ ਸਵਾਲਾਂ 'ਤੇ ਅਸੀਂ ਵਿਚਾਰ ਕੀਤਾ ਹੈ ਉਨ੍ਹਾਂ ਵਿੱਚੋਂ ਬਹੁਤੇ ਤੁਹਾਨੂੰ ਆਪਣੀ ਡਿਸਏਬਿਲਟੀ ਦੀ ਕਿਸਮ ਅਤੇ ਮਾਤਰਾ ਦਾ ਵਰਣਨ ਕਰਨ ਦਾ ਮੌਕਾ ਦਿੰਦੇ ਹਨ।

ਜਿੰਨੀ ਜ਼ਿਆਦਾ ਪੂਰੀ ਜਾਣਕਾਰੀ ਤੁਸੀਂ ਦਿੰਦੇ ਹੋ, ਓਨਾ ਹੀ ਬਿਹਤਰ ਹੈ। ਸਰਵਿਸ ਕੈਨੇਡਾ ਤੁਹਾਨੂੰ ਬਹੁਤੇ ਦਿਨਾਂ ਵਿਚ ਆਪਣੀ ਸਮਰੱਥਾ ਦੇ ਪੱਧਰ ਨੂੰ ਦਰਜਾ ਦੇਣ ਲਈ ਪੁੱਛੇਗੀ। ਅਸੀਂ ਸਲਾਹ ਦਿੰਦੇ ਹਾਂ ਕਿ ਜਦੋਂ ਤੁਸੀਂ ਐਪਲੀਕੇਸ਼ਨ ਭਰੋ, ਤੁਸੀਂ ਅਜਿਹੇ ਦਿਨ ਦਾ ਵੀ ਵਰਣਨ ਕਰੋ ਜਦੋਂ ਤੁਹਾਡੀ ਡਿਸਏਬਿਲਟੀ ਨਾਲ ਜੁੜੀਆਂ ਰੁਕਾਵਟਾਂ ਸਭ ਤੋਂ ਜ਼ਿਆਦਾ ਗੰਭੀਰ ਹੁੰਦੀਆਂ ਹਨ ਜਾਂ ਆਪਣੀਆਂ ਨਿਸ਼ਾਨੀਆਂ ਜਾਂ ਉਨ੍ਹਾਂ ਦੀ ਗੰਭੀਰਤਾ ਦਾ ਅਨੁਮਾਨ ਨਾ ਲਾਏ ਜਾ ਸਕਣ ਦਾ ਜ਼ਿਕਰ ਕਰੋ। ਇਸ ਤਰੀਕੇ ਨਾਲ, ਈ ਐੱਸ ਡੀ ਸੀ ਕੋਲ ਇਹ ਦੇਖਣ ਦਾ ਸਭ ਤੋਂ ਬਿਹਤਰ ਮੌਕਾ ਹੋਵੇਗਾ ਕਿ ਤੁਹਾਡੀ ਡਿਸਏਬਿਲਟੀ ਕਿਵੇਂ ਤੁਹਾਡੀ ਰੋਜ਼ਮਰਾ ਦੀ ਜ਼ਿੰਦਗੀ ਅਤੇ ਤੁਹਾਡੀ ਕੰਮ ਕਰਨ ਦੀ ਸਮਰੱਥਾ ਉਪਰ ਅਸਰ ਪਾਉਂਦੀ ਹੈ।

ਤੁਹਾਡੇ ਜਵਾਬਾਂ ਲਈ ਸੀਮਤ ਥਾਂ ਦਿੱਤੀ ਜਾਂਦੀ ਹੈ। ਨਾਲ ਪੇਪਰ ਨੱਥੀ ਕਰਨਾ ਢੁਕਵਾਂ ਹੁੰਦਾ ਹੈ ਪਰ ਹਰ ਨਾਲ ਲਗਾਏ ਗਏ ਪੇਪਰ ਉੱਪਰ ਆਪਣਾ ਸਿਨ ਲਿਖਣਾ ਯਾਦ ਰੱਖੋ।

### ਸਵਾਲ ਸੀ 1

ਇੱਥੇ ਉਹ ਤਾਰੀਕ ਲਿਖੀ ਜਾਂਦੀ ਹੈ ਜਦੋਂ ਤੁਸੀਂ ਹੁਣ ਕੰਮ ਨਹੀਂ ਕਰ ਸਕਦੇ ਸੀ। ਜੇ ਇਹ ਤਾਰੀਕ ਤੁਹਾਡੇ ਐੱਮ ਕਿਊ ਪੀ ਤੋਂ ਬਾਅਦ ਦੀ ਹੈ ਤਾਂ ਤੁਸੀਂ ਸੀ ਪੀ ਪੀ-ਡੀ ਲੈਣ ਦੇ ਯੋਗ ਨਹੀਂ ਹੋ ਸਕਦੇ ਹੋ। ਜੇ ਤੁਸੀਂ ਅਜਿਹੇ ਵਿਅਕਤੀ ਹੋ ਜਿਸ ਨੇ ਕੰਮ 'ਤੇ ਵਾਪਸ ਜਾਣ ਦੀ ਕੋਸ਼ਿਸ਼ ਕੀਤੀ ਹੈ ਅਤੇ ਫੇਲ੍ਹ ਹੋਏ ਹੋ ਤਾਂ ਇਹ ਤਾਰੀਕ ਤੁਹਾਡੇ ਕੰਮ ਕਰਨ ਦੇ ਆਖਰੀ ਦਿਨ ਨਾਲੋਂ ਪਹਿਲਾਂ ਦੀ ਹੋ ਸਕਦੀ ਹੈ। ਇਸ ਬਾਰੇ ਨਾਲ ਪੇਪਰ ਲਗਾ ਕੇ ਵਰਣਨ ਕਰੋ ਅਤੇ ਇਸ ਗੱਲ 'ਤੇ ਕੇਂਦਰਿਤ ਹੋਵੋ ਕਿ ਤੁਹਾਡੀਆਂ ਮੈਡੀਕਲ ਹਾਲਤਾਂ ਨੇ ਤੁਹਾਡੇ ਕੰਮ ਕਰਨ ਦੇ ਅਸਫਲ ਤਜਰਬੇ ਬਾਰੇ ਕੀ ਕੀਤਾ ਹੈ।

### ਸਵਾਲ ਸੀ 2

ਤੁਹਾਨੂੰ ਆਪਣੀਆਂ ਮੁੱਖ ਅਤੇ ਕੋਈ ਹੋਰ ਮੈਡੀਕਲ ਹਾਲਤਾਂ ਬਾਰੇ ਦੱਸਣ ਲਈ ਕਹਿੰਦਾ ਹੈ ਜਿਹੜੀਆਂ ਤੁਹਾਨੂੰ ਕੰਮ ਕਰਨ ਤੋਂ ਰੋਕਦੀਆਂ ਹਨ। ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਅਨੁਭਵ ਕੀਤੀਆਂ ਉਨ੍ਹਾਂ ਨਿਸ਼ਾਨੀਆਂ ਦਾ ਵੇਰਵਾ ਵੀ ਦਿਉ ਜਿਹੜੀਆਂ ਤੁਹਾਨੂੰ ਕੰਮ ਕਰਨ ਤੋਂ ਰੋਕਦੀਆਂ ਹਨ। ਇਸ ਦਾ ਮਤਲਬ ਉਨ੍ਹਾਂ ਨਿਸ਼ਾਨੀਆਂ ਬਾਰੇ ਵੀ ਦੱਸਣਾ ਹੈ ਜਿਹੜੀਆਂ ਤੁਹਾਨੂੰ ਦੁਬਾਰਾ ਟਰੇਨਿੰਗ ਲੈਣ, ਜਾਂ ਕੋਈ ਹਲਕਾ ਕੰਮ ਕਰਨ, ਜਾਂ ਪਾਰਟ-ਟਾਈਮ ਕੰਮ ਕਰਨ ਤੋਂ ਰੋਕਣਗੀਆਂ।

### ਸਵਾਲ ਸੀ 5

ਤੁਹਾਨੂੰ ਉਨ੍ਹਾਂ ਦਵਾਈਆਂ ਦੀ ਲਿਸਟ ਦੇਣ ਲਈ ਕਹਿੰਦਾ ਹੈ ਜਿਹੜੀਆ ਤੁਸੀਂ ਇਸ ਵੇਲੇ ਲੈ ਰਹੇ ਹੋ। ਇੱਥੇ ਉਨ੍ਹਾਂ ਦੀਆਂ ਖੁਰਾਕਾਂ ਲਿਖੋ ਜਾਂ ਇਹ ਲਿਖੋ ਕਿ ਇਹ ਤੁਸੀਂ ਕਿੰਨੀ ਕੁ ਵਾਰੀ ਲੈਂਦੇ ਹੋ। ਨੋਟ ਲਿਖੋ ਅਤੇ ਕਿਸੇ ਵੀ ਉਸ ਦਵਾਈ ਦਾ ਵੇਰਵਾ ਦਿਉ ਜਿਸ ਦੇ ਸਾਈਡ ਇਫੈਕਟਸ ਹੁੰਦੇ ਹਨ ਜਿਹੜੇ ਕੰਮ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਣਗੇ।

ਭਾਵੇਂ ਕਿ ਐਪਲੀਕੇਸ਼ਨ ਵਿਚ ਇਸ ਲਈ ਥਾਂ ਨਹੀਂ ਹੈ, ਪਰ ਜੇ ਤੁਸੀਂ ਕਈ ਦਵਾਈਆਂ ਲੈਣ ਦੀ ਕੋਸ਼ਿਸ਼ ਕੀਤੀ ਹੈ ਜਿਹੜੀਆਂ ਤੁਹਾਨੂੰ ਸਾਈਡ ਇਫੈਕਟਸ ਦੇ ਕਾਰਨ ਬੰਦ ਕਰਨੀਆਂ ਪਈਆਂ ਹਨ ਤਾਂ ਤੁਸੀਂ ਉਸ ਨਾਲ ਇਕ ਸਫਾ ਨੱਥੀ ਕਰ ਸਕਦੇ ਹੋ ਜਿਹੜਾ ਇਨ੍ਹਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ।

ਜੇ ਤੁਹਾਨੂੰ ਦਵਾਈਆਂ ਲੈਣਾ ਬੰਦ ਕਰਨਾ ਪਿਆ ਸੀ ਕਿਉਂਕਿ ਉਨ੍ਹਾਂ ਨੇ ਕੰਮ ਨਹੀਂ ਕੀਤਾ ਤਾਂ ਤੁਸੀਂ ਇਹ ਜਾਣਕਾਰੀ ਵੀ ਸ਼ਾਮਲ ਕਰ ਸਕਦੇ ਹੋ। ਤੁਸੀਂ ਇਹ ਪੇਪਰ ਉੱਪਰ ਇਕ ਖਾਨਾ ਬਣਾ ਕੇ ਕਰ ਸਕਦੇ ਹੋ ਜਾਂ ਆਪਣੇ ਕੰਪਿਊਟਰ ’ਤੇ ਕਰ ਸਕਦੇ ਹੋ ਜੋ ਕਿ ਇਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ:

| ਦਵਾਈ ਦਾ ਨਾਂ | ਡੋਜ਼ | ਕਿੰਨੀ ਕੁ ਵਾਰੀ | ਸ਼ੁਰੂ ਕਰਨ ਦੀ ਤਾਰੀਕ | ਬੰਦ ਕਰਨ ਦੀ ਤਾਰੀਕ | ਬੰਦ ਕਰਨ ਦੇ ਕਾਰਨ | ਸਾਈਡ ਇਫੈਕਟਸ |
|---|---|---|---|---|---|---|
| | | | | | | |
| | | | | | | |

**ਸਵਾਲ ਸੀ 6**

ਤੁਹਾਨੂੰ ਆਪਣੀ ਮੈਡੀਕਲ ਹਾਲਤ (ਹਾਲਤਾਂ) ਲਈ ਆਪਣੇ ਪਿਛਲੇ, ਮੌਜੂਦਾ ਅਤੇ ਭਵਿੱਖ ਦੇ ਇਲਾਜ ਦੱਸਣ ਲਈ ਕਹਿੰਦਾ ਹੈ। ਉਸ ਕਿਸੇ ਵੀ ਇਲਾਜ ਦਾ ਵੇਰਵਾ ਦਿਉ ਜਿਹੜਾ ਅਸਰਦਾਰ ਨਹੀਂ ਸੀ ਜਾਂ ਜਿਹੜਾ ਬੰਦ ਕਰ ਦਿੱਤਾ ਗਿਆ ਸੀ। ਜੇ ਤੁਸੀਂ ਭਵਿੱਖ ਵਿਚ ਕਿਸੇ ਇਲਾਜ ਦੀ ਉਡੀਕ ਕਰ ਰਹੇ ਹੋ ਅਤੇ ਇਸ ਇਲਾਜ ਨਾਲ ਤੁਹਾਡੀ ਹਾਲਤ ਉਸ ਪੋਆਇੰਟ ਤੱਕ ਠੀਕ ਹੋਣ ਦੀ ਉਮੀਦ ਨਹੀਂ ਹੈ ਜਿੱਥੇ ਤੁਸੀਂ ਕੰਮ ’ਤੇ ਵਾਪਸ ਜਾ ਸਕੋ ਤਾਂ ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਇਹ ਵਰਣਨ ਕਰਦਾ ਹੋਇਆ ਨੋਟ ਲਿਖੋ ਕਿ ਭਵਿੱਖ ਵਿਚ ਸੰਭਵ ਇਲਾਜਾਂ ਦੇ ਕਾਰਨ ਐਪਲੀਕੇਸ਼ਨਾਂ ਨੂੰ ਰੱਦ ਕਰਨਾ ਕੋਈ ਅਨੋਖੀ ਗੱਲ ਨਹੀਂ ਹੈ।

ਇਸ ਦੇ ਇਲਾਵਾ, ਜੇ ਤੁਹਾਨੂੰ ਭਵਿੱਖ ਦੇ ਉਨ੍ਹਾਂ ਇਲਾਜਾਂ ਕਾਰਨ ਨਾਂਹ ਕੀਤੀ ਗਈ ਹੈ ਜਿਹੜੇ ਇਲਾਜ ਤੁਹਾਨੂੰ ਕੰਮ ’ਤੇ ਵਾਪਸ ਜਾਣ ਦੀ ਆਗਿਆ ਨਹੀਂ ਦੇਣਗੇ ਤਾਂ ਸੰਭਵ ਅਪੀਲ ਦਾ ਪਤਾ ਲਾਉਣ ਲਈ ਅਸੀਂ ਤੁਹਾਨੂੰ ਕਿਸੇ ਐਡਵੋਕੇਟ ਨਾਲ ਗੱਲ ਕਰਨ ਲਈ ਉਤਸ਼ਾਹ ਦਿੰਦੇ ਹਾਂ।

**ਸਵਾਲ ਸੀ 8**

ਤੁਹਾਨੂੰ ਆਪਣੀਆਂ ਸਰੀਰਕ ਸਮਰੱਥਾਵਾਂ ਦਾ ਮੁਲਾਂਕਣ ਕਰਨ ਲਈ ਕਹਿੰਦਾ ਹੈ। ਤੁਹਾਨੂੰ ਇਕ ਆਮ ਦਿਨ ਦੇ ਆਪਣੇ ਸਮਰੱਥਾ ਦੇ ਪੱਧਰ ਦਾ ਅੰਦਾਜ਼ਾ ਲਾਉਣ ਲਈ ਕਿਹਾ ਜਾਵੇਗਾ। ਜੇ ਤੁਹਾਡੀਆਂ ਡਿਸਏਬਿਲਟੀਜ਼ ਅਨੁਮਾਨ ਲਾਉਣ ਯੋਗ ਨਹੀਂ ਹਨ ਅਤੇ ਤੁਹਾਡੇ ਅਜਿਹੇ ਮਾੜੇ ਦਿਨ ਹੁੰਦੇ ਹਨ ਜਿਨ੍ਹਾਂ ਦੀ ਅਗਾਊਂ ਵਿਉਂਤ ਨਹੀਂ ਬਣਾਈ ਜਾ ਸਕਦੀ ਤਾਂ ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਇਸ ਬਾਰੇ ਵਿਚਾਰ ਦੇਣ ਲਈ ਰੱਖੀ ਗਈ ਥਾਂ ਵਿਚ ਲਿਖੋ ਜਾਂ ਆਪਣੀ ਐਪਲੀਕੇਸ਼ਨ ਨਾਲ ਪੇਪਰ ਲਾ ਕੇ ਦੱਸੋ।

## ਕਦਮ 3 | ਮੈਡੀਕਲ ਰਿਪੋਰਟ

ਜਿੱਥੋਂ ਤੱਕ ਈ ਐੱਸ ਡੀ ਸੀ ਦਾ ਸੰਬੰਧ ਹੈ, ਮੈਡੀਕਲ ਰਿਪੋਰਟ ਐਪਲੀਕੇਸ਼ਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਤੁਹਾਡੇ ਡਾਕਟਰ ਲਈ ਤੁਹਾਡੀ ਮੈਡੀਕਲ ਹਾਲਤ (ਹਾਲਤਾਂ), ਹਿਸਟਰੀ, ਲੱਛਣਾਂ ਅਤੇ ਇਲਾਜ ਬਾਰੇ ਵੇਰਵੇ ਦੇਣਾ ਜ਼ਰੂਰੀ ਹੈ।

ਤੁਹਾਡੇ ਲਈ ਸਫੇ 1 ਅਤੇ 2 ਆਪ ਭਰਨਾ ਜ਼ਰੂਰੀ ਹੈ। ਇਹ ਤੁਹਾਡੇ ਬਾਰੇ ਨਿੱਜੀ ਜਾਣਕਾਰੀ ਅਤੇ ਤੁਹਾਡੀ ਸੀ ਪੀ ਪੀ-ਡੀ ਐਪਲੀਕੇਸ਼ਨ, ਭਵਿੱਖ ਦੀਆਂ ਅਪੀਲਾਂ, ਜਾਂ ਬੈਨੇਫਿਟਸ ਨਾਲ ਸੰਬੰਧਤ ਹੋਰ ਜਾਣਕਾਰੀ ਇਕੱਤਰ ਕਰਨ ਦੀ ਆਗਿਆ ਮੰਗਦੇ ਹਨ।

ਪ੍ਰਭਾਵਸ਼ਾਲੀ ਮੈਡੀਕਲ ਰਿਪੋਰਟ ਕਿਸੇ ਐਪਲੀਕੇਸ਼ਨ ਜਾਂ ਅਪੀਲ ਦੀ ਬੁਨਿਆਦ ਉਸਾਰਨ ਵਿਚ ਮਦਦ ਕਰ ਸਕਦੀ ਹੈ। ਅਕਸਰ ਮੈਡੀਕਲ ਅਡਜੂਡੀਕੇਟਰ ਨੂੰ ਵਾਧੂ ਜਾਣਕਾਰੀ ਇਕੱਠੀ ਕਰਨ ਦੀ ਲੋੜ ਪਵੇਗੀ। ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਫੈਸਲਾ ਕਰਨ ਵਾਲੇ ਨੂੰ ਇਹ ਜਾਣਕਾਰੀ ਇਕੱਠੀ ਕਰਨ ਦੀ ਆਗਿਆ ਦਿਉ।

ਇਸ ਦੇ ਇਲਾਵਾ, ਅਸੀਂ ਇਹ ਸਲਾਹ ਦਿੰਦੇ ਹਾਂ ਕਿ ਤੁਸੀਂ ਮੈਡੀਕਲ ਅਡਜੂਡੀਕੇਟਰ ਨੂੰ ਇਹ ਜਾਣਕਾਰੀ ਇਕੱਠੀ ਕਰਨ ਲਈ ਸਮਾਂ ਦਿਉ।

**ਤੁਹਾਨੂੰ ਮੈਡੀਕਲ ਰਿਪੋਰਟ ਮੁਕੰਮਲ ਕਰਨ ਲਈ ਉਸ ਡਾਕਟਰ ਨੂੰ ਕਹਿਣਾ ਚਾਹੀਦਾ ਹੈ ਜਿਹੜਾ ਤੁਹਾਡੀ ਡਿਸਏਬਿਲਟੀ ਬਾਰੇ ਸਭ ਤੋਂ ਜ਼ਿਆਦਾ ਜਾਣਦਾ ਹੈ।** ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਫਾਰਮ ਦੇਣ ਤੋਂ ਪਹਿਲਾਂ ਇਹ ਦੇਖਣ ਲਈ ਇਸ ਡਾਕਟਰ ਨਾਲ ਗੱਲ ਕਰੋ ਕਿ ਕੀ ਉਹ ਤੁਹਾਡੀ ਐਪਲੀਕੇਸ਼ਨ ਦੀ ਹਿਮਾਇਤ ਕਰਦੇ ਹਨ। ਡਾਕਟਰ ਨੂੰ ਇਹ ਦੱਸਣਾ ਇਕ ਚੰਗਾ ਖਿਆਲ ਹੈ ਕਿ ਤੁਹਾਡੀ ਹਾਲਤ ਕਿਵੇਂ ਤੁਹਾਡੀ ਰੋਜ਼ਾਨਾ ਜ਼ਿੰਦਗੀ ’ਤੇ ਅਸਰ ਪਾਉਂਦੀ ਹੈ ਅਤੇ ਖਾਸ ਕਰਕੇ ਉਨ੍ਹਾਂ ਲੱਛਣਾਂ ’ਤੇ ਜਿਹੜੇ ਤੁਹਾਨੂੰ ਕੰਮ ਕਰਨ ਤੋਂ ਰੋਕਦੇ ਹਨ।

ਯਾਦ ਰੱਖੋ, ਜੇ ਤੁਹਾਡੇ ਕੋਲ ਨਵਾਂ ਡਾਕਟਰ ਹੈ ਜਿਹੜਾ ਤੁਹਾਨੂੰ ਚੰਗੀ ਤਰ੍ਹਾਂ ਨਹੀਂ ਜਾਣਦਾ ਤਾਂ ਉਹ ਸ਼ਾਇਦ ਈ ਐੱਸ ਡੀ ਸੀ ਨੂੰ ਕਾਫੀ ਵੇਰਵਾ ਦੇਣ ਦੇ ਯੋਗ ਨਾ ਹੋਵੇ। ਡਾਕਟਰ ਨੂੰ ਮੈਡੀਕਲ ਰਿਪੋਰਟ ਮੁਕੰਮਲ ਕਰਨ ਲਈ ਕਹਿਣ ਤੋਂ ਪਹਿਲਾਂ ਉਸ ਕੋਲ ਦੋ ਕੁ ਵਾਰੀ ਜਾਣ ਦੀ ਅਪੌਇੰਟਮੈਂਟ ਬਣਾਉਣਾ ਇਕ ਚੰਗਾ ਖਿਆਲ ਹੋ ਸਕਦਾ ਹੈ।

ਈ ਐੱਸ ਡੀ ਸੀ ਇਹ ਸੁਝਾਅ ਦਿੰਦੀ ਹੈ ਕਿ ਤੁਹਾਡਾ ਡਾਕਟਰ ਸਪੈਸ਼ਲਿਸਟਾਂ ਤੋਂ ਕੋਈ ਵੀ ਉਹ ਰਿਪੋਰਟਾਂ ਦਰਜ ਕਰਵਾਏ ਜਿਹੜੀਆਂ ਤੁਸੀਂ ਦੇਖੀਆਂ ਹਨ। ਆਪਣੀ ਫਾਇਲ ਵਿਚਲੀਆਂ ਚਿੱਠੀਆਂ ਅਤੇ ਰਿਪੋਰਟਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

### ਆਪਣੇ ਡਾਕਟਰ ਨਾਲ ਗੱਲ ਕਰਨ ਲਈ ਕੁਝ ਸੁਝਾਅ

- ਆਪਣੀ ਸੀ ਪੀ ਪੀ-ਡੀ ਐਪਲੀਕੇਸ਼ਨ ਬਾਰੇ ਗੱਲ ਕਰਨ ਲਈ ਅਪੌਇੰਟਮੈਂਟ ਬਣਾਉ। ਆਪਣੇ ਡਾਕਟਰ ਕੋਲ ਜਾਣ ਵੇਲੇ, ਇਸ ਗਾਈਡ ਦੀ ਅੰਤਿਕਾ ਸੀ ਵਿਚ ਚਿੱਠੀ ਦਾ ਦਿੱਤਾ ਗਿਆ ਨਮੂਨਾ ਆਪਣੇ ਡਾਕਟਰ ਨੂੰ ਦਿਖਾਉਣਾ ਇਕ ਚੰਗਾ ਖਿਆਲ ਹੈ ਜਾਂ ਆਪਣੀ ਚਿੱਠੀ ਲਿਖਣ ਲਈ ਚਿੱਠੀ ਨੂੰ ਇਕ ਨਮੂਨੇ ਵਜੋਂ ਵਰਤੋ।

- ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਉਹ ਇਹ ਮਹਿਸੂਸ ਕਰਦੇ ਹਨ ਜਾਂ ਨਹੀਂ ਕਿ ਕੀ ਤੁਹਾਡੀ ਡਿਸਏਬਿਲਟੀ ਰੁਜ਼ਗਾਰ ਲਈ ਗੰਭੀਰ ਰੁਕਾਵਟ ਪੈਦਾ ਕਰਦੀ ਹੈ, ਨਾ ਸਿਰਫ ਹੁਣ, ਸਗੋਂ ਭਵਿੱਖ ਵਿਚ ਵੀ।

- ਆਪਣੇ ਡਾਕਟਰ ਨੂੰ ਪੁੱਛੋ ਕਿ ਤੁਹਾਡੀ ਡਿਸਏਬਿਲਟੀ ਕਿੰਨਾ ਸਮਾਂ ਰਹਿਣੀ ਹੈ। ਤੁਹਾਡੇ ਡਾਕਟਰ ਲਈ ਇਹ ਕਹਿਣਾ ਜ਼ਰੂਰੀ ਨਹੀਂ ਹੈ ਕਿ ਤੁਸੀਂ ਆਪਣੀ ਬਾਕੀ ਸਾਰੀ ਜ਼ਿੰਦਗੀ ਡਿਸਏਬਲ ਰਹੋਗੇ ਪਰ ਉਨ੍ਹਾਂ ਨੂੰ ਇਹ ਸੰਕੇਤ ਦੇਣਾ ਚਾਹੀਦਾ ਹੈ ਕਿ ਤੁਹਾਡੀ ਡਿਸਏਬਿਲਟੀ ਅਨੁਮਾਨ ਲਾਉਣ ਯੋਗ ਭਵਿੱਖ ਵਿਚ ਠੀਕ ਨਹੀਂ ਹੋਵੇਗੀ।

ਜੇ ਤੁਹਾਡਾ ਡਾਕਟਰ ਮਦਦ ਕਰਨ ਵਾਲਾ ਨਹੀਂ ਹੈ ਤਾਂ ਕਿਸੇ ਐਡਵੋਕੇਟ ਨਾਲ ਸਲਾਹ-ਮਸ਼ਵਰਾ ਕਰੋ।

### ਮੈਡੀਕਲ ਰਿਪੋਰਟ ਕਿਸ ਨੂੰ ਭਰਨੀ ਚਾਹੀਦੀ ਹੈ?

ਜਨਰਲ ਪ੍ਰੈਕਟੀਸ਼ਨਰ (ਜੀ ਪੀ)

ਆਪਣੇ ਫੈਮਿਲੀ ਡਾਕਟਰ ਤੋਂ ਜਾਣਕਾਰੀ ਵਰਤਣ ਦਾ ਫਾਇਦਾ ਇਹ ਹੈ ਕਿ ਉਹ ਡਾਕਟਰ ਸ਼ਾਇਦ ਤੁਹਾਨੂੰ ਸਭ ਤੋਂ ਬਿਹਤਰ ਜਾਣਦਾ ਹੈ। ਇਸ ਦੇ ਨਾਲ ਹੀ, ਜੇ ਤੁਹਾਡੀ ਡਿਸਏਬਲ ਕਰਨ ਵਾਲੀ ਕੋਈ ਇਕ ਨਾਲੋਂ ਜ਼ਿਆਦਾ ਹਾਲਤ ਹੈ ਤਾਂ ਜੀ ਪੀ ਨੂੰ ਇਸ ਗੱਲ ਦੀ ਸਭ ਤੋਂ ਬਿਹਤਰ ਸਮਝ ਹੋ ਸਕਦੀ ਹੈ ਕਿ ਕਿਵੇਂ ਤੁਹਾਡੀਆਂ ਸਾਰੀਆਂ ਡਿਸਏਬਿਲਟੀਜ਼ ਤੁਹਾਡੇ ਉੱਪਰ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀਆਂ ਹਨ।

ਸਪੈਸ਼ਲਿਸਟ

ਕਿਸੇ ਸਪੈਸ਼ਲਿਸਟ (ਜਿਵੇਂ ਸਾਇਕਐਟਰਿਸਟ, ਨਿਊਰੋਲੋਜਿਸਟ ਜਾਂ ਸਰਜਨ) ਤੋਂ ਜਾਣਕਾਰੀ ਲੈਣ ਦਾ ਫਾਇਦਾ ਇਹ ਹੈ ਕਿ ਉਨ੍ਹਾਂ ਨੂੰ ਆਮ ਤੌਰ 'ਤੇ ਕਿਸੇ ਖਾਸ ਹਾਲਤ ਦਾ ਜ਼ਿਆਦਾ ਡੂੰਘਾ ਗਿਆਨ ਹੁੰਦਾ ਹੈ।

ਇਸ ਦੇ ਨਾਲ ਹੀ, ਕਿਸੇ ਸਪੈਸ਼ਲਿਸਟ ਦੀ ਰਾਇ ਨੂੰ ਈ ਐੱਸ ਡੀ ਸੀ ਵਲੋਂ ਜੀ ਪੀ ਦੀ ਰਾਇ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾ ਸਕਦਾ ਹੈ।

ਦੂਜੇ ਪਾਸੇ, ਸਪੈਸ਼ਲਿਸਟ ਆਮ ਤੌਰ 'ਤੇ ਸਿਰਫ ਉਸ ਹਾਲਤ ਬਾਰੇ ਹੀ ਜਾਣਕਾਰੀ ਦੇਣਗੇ ਜਿਸ ਦਾ ਉਹ ਇਲਾਜ ਕਰਨਗੇ ਅਤੇ ਉਹ ਸ਼ਾਇਦ ਇਹ ਨਾ ਜਾਣਦੇ ਹੋਣ ਕਿ ਕਿਵੇਂ ਤੁਹਾਡੀਆਂ ਸਾਰੀਆਂ ਡਿਸਏਬਿਲਟੀਜ਼ ਇਕ ਦੂਜੀ ਉੱਪਰ ਅਤੇ ਤੁਹਾਡੀ ਜ਼ਿੰਦਗੀ ਉੱਪਰ ਅਸਰ ਪਾਉਂਦੀਆਂ ਹਨ। ਇਸ ਦੇ ਨਾਲ ਹੀ, ਉਨ੍ਹਾਂ ਨੇ ਤੁਹਾਨੂੰ ਸਿਰਫ ਇਕ ਜਾਂ ਦੋ ਵਾਰੀ ਹੀ ਦੇਖਿਆ ਹੋ ਸਕਦਾ ਹੈ, ਸਪੈਸ਼ਲਿਸਟ ਤੁਹਾਨੂੰ ਓਨੀ ਚੰਗੀ ਤਰ੍ਹਾਂ ਨਹੀਂ ਜਾਣਦਾ ਹੋ ਸਕਦਾ ਹੈ ਜਿੰਨੀ ਚੰਗੀ ਤਰ੍ਹਾਂ ਤੁਹਾਡਾ ਜੀ ਪੀ ਜਾਣਦਾ ਹੈ।

ਤੁਹਾਡੇ ਮੈਡੀਕਲ ਪ੍ਰੈਕਟੀਸ਼ਨਰਾਂ ਕੋਲ ਮੁਕੰਮਲ ਕੀਤੀ ਹੋਈ ਮੈਡੀਕਲ ਰਿਪੋਰਟ ਤੁਹਾਨੂੰ ਵਾਪਸ ਕਰਨ ਜਾਂ ਇਹ ਸਿੱਧੀ ਈ ਐੱਸ ਡੀ ਸੀ ਕੋਲ ਦਰਜ ਕਰਵਾਉਣ ਦੀ ਚੋਣ ਹੁੰਦੀ ਹੈ। ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਆਪਣੇ ਡਾਕਟਰ ਨੂੰ ਕਹੋ ਕਿ ਉਹ ਮੈਡੀਕਲ ਰਿਪੋਰਟ ਤੁਹਾਨੂੰ ਦੇਵੇ ਤਾਂ ਜੋ ਤੁਸੀਂ ਇਹ ਆਪਣੀ ਐਪਲੀਕੇਸ਼ਨ ਨਾਲ ਈ ਐੱਸ ਡੀ ਸੀ ਨੂੰ ਭੇਜ ਸਕੋ। ਇਸ ਨਾਲ ਗਲਤੀ ਲੱਗਣ ਅਤੇ ਤੁਹਾਡੀ ਐਪਲੀਕੇਸ਼ਨ 'ਤੇ ਕਾਰਵਾਈ ਹੋਣ ਵਿਚ ਸੰਭਵ ਦੇਰੀਆਂ ਤੋਂ ਬਚਣ ਵਿਚ ਮਦਦ ਹੋਵੇਗੀ।

## ਕਦਮ 4 | ਮਦਦ ਕਰਨ ਵਾਲੇ ਹੋਰ ਪੇਪਰ

ਤੁਸੀਂ ਆਪਣੀ ਐਪਲੀਕੇਸ਼ਨ ਨਾਲ ਹੋਰ ਪੇਪਰ ਵੀ ਸ਼ਾਮਲ ਕਰ ਸਕਦੇ ਹੋ।

ਪਰ, ਇਨ੍ਹਾਂ ਪੇਪਰਾਂ 'ਤੇ ਬਹੁਤ ਧਿਆਨ ਨਾਲ ਵਿਚਾਰ ਕਰੋ। ਇਹ ਤੁਹਾਡੀ ਐਪਲੀਕੇਸ਼ਨ ਵਿਚ ਮਦਦ ਨਹੀਂ ਕਰੇਗਾ ਜੇ ਮੈਡੀਕਲ ਰਿਪੋਰਟਾਂ ਪੁਰਾਣੀਆਂ ਹਨ ਜਾਂ ਜੇ ਡਾਕਟਰ ਇਹ ਕਹਿੰਦਾ ਹੈ ਕਿ ਤੁਸੀਂ ਨੇੜ ਭਵਿੱਖ ਵਿਚ ਕੰਮ 'ਤੇ ਵਾਪਸ ਜਾਣ ਦੇ ਯੋਗ ਹੋਣੇ ਚਾਹੀਦੇ ਹੋ।

ਹੋਰ ਸਿਹਤ ਮਾਹਰਾਂ ਨੂੰ ਵੀ ਹਿਮਾਇਤ ਕਰਨ ਵਾਲੀਆਂ ਚਿੱਠੀਆਂ ਦੇਣ ਲਈ ਕਿਹਾ ਜਾ ਸਕਦਾ ਹੈ (ਜਿਵੇਂ ਕੈਰੋਪਰੈਕਟਰ, ਫਿਜ਼ੀਓਥੈਰੇਪਿਸਟ ਜਾਂ ਸਾਇਕੋਲੋਜਿਸਟ)। ਜਿਹੜੀ ਜਾਣਕਾਰੀ ਇਹ ਵਰਣਨ ਕਰਦੀ ਹੈ ਕਿ ਕਿਵੇਂ ਤੁਹਾਡੀ ਡਿਸਏਬਿਲਟੀ ਤੁਹਾਡੀ ਰੋਜ਼ਾਨਾ ਜ਼ਿੰਦਗੀ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀ ਹੈ, ਉਹ ਬਹੁਤ ਫਾਇਦੇਮੰਦ ਹੋ ਸਕਦੀ ਹੈ।

ਪਰਿਵਾਰ ਅਤੇ ਦੋਸਤਾਂ ਨੂੰ ਵੀ ਚਿੱਠੀਆਂ ਦੇਣ ਲਈ ਕਿਹਾ ਜਾ ਸਕਦਾ ਹੈ, ਭਾਵੇਂ ਕਿ ਇਸ ਤਰ੍ਹਾਂ ਦੀ ਜਾਣਕਾਰੀ ਈ ਐੱਸ ਡੀ ਸੀ ਵਲੋਂ ਅਕਸਰ ਘੱਟ ਮਹੱਤਵਪੂਰਨ ਸਮਝੀ ਜਾਂਦੀ ਹੈ।

## ਕਦਮ 5 | ਆਪਣੀ ਐਪਲੀਕੇਸ਼ਨ ਇਕੱਠੀ ਕਰਨਾ

ਇਕ ਮੁਕੰਮਲ ਐਪਲੀਕੇਸ਼ਨ ਵਿਚ ਇਹ ਸ਼ਾਮਲ ਹੋਣਗੇ:

- ਡਿਸਏਬਿਲਟੀ ਬੈਨੇਫਿਟਸ (ਭੱਤਿਆਂ) ਲਈ ਐਪਲੀਕੇਸ਼ਨ
- ਮੈਡੀਕਲ ਰਿਪੋਰਟ
- ਮਦਦ ਕਰਨ ਵਾਲੇ ਹੋਰ ਪੇਪਰ ਜਿਹੜੇ ਤੁਸੀਂ ਲਏ ਹਨ।

ਬਹੁਤੇ ਕੇਸਾਂ ਵਿਚ ਡਿਸਏਬਿਲਟੀ ਬੈਨੇਫਿਟਸ ਲਈ ਐਪਲੀਕੇਸ਼ਨ ਅਤੇ ਮੈਡੀਕਲ ਰਿਪੋਰਟ ਵੱਖ ਵੱਖ ਦਰਜ ਕਰਵਾਈਆਂ ਜਾਣਗੀਆਂ ਅਤੇ ਇਹ ਪ੍ਰਵਾਨਯੋਗ ਹੈ। ਪਰ ਸਰਵਿਸ ਕੈਨੇਡਾ ਦੇ ਦ੍ਰਿਸ਼ਟੀਕੋਣ ਤੋਂ, ਉਹ ਉਦੋਂ ਤੱਕ ਐਪਲੀਕੇਸ਼ਨ ’ਤੇ ਕਾਰਵਾਈ ਨਹੀਂ ਕਰ ਸਕਦੇ ਜਦ ਤੱਕ ਦੋਨੋਂ ਨਹੀਂ ਪਹੁੰਚ ਜਾਂਦੀਆਂ।

## ਕਦਮ 6 | ਈ ਐੱਸ ਡੀ ਸੀ ਕੋਲ ਆਪਣੀ ਐਪਲੀਕੇਸ਼ਨ ਦਰਜ ਕਰਵਾਉਣਾ

ਤੁਹਾਡੀ ਐਪਲੀਕੇਸ਼ਨ ਨਾਲ ਸ਼ਾਮਲ ਜਾਣਕਾਰੀ ਦੇਣ ਵਾਲੀ ਆਮ ਗਾਈਡ ਉਨ੍ਹਾਂ ਕਦਮਾਂ ਬਾਰੇ ਦੱਸਦੀ ਹੈ ਜਿਹੜੇ ਤੁਹਾਨੂੰ ਇਹ ਪੱਕਾ ਕਰਨ ਲਈ ਚੁੱਕਣ ਦੀ ਲੋੜ ਹੈ ਕਿ ਈ ਐੱਸ ਡੀ ਸੀ ਨੂੰ ਸਾਰੀ ਲੋੜੀਂਦੀ ਜਾਣਕਾਰੀ ਮਿਲ ਗਈ ਹੈ।

**ਸੰਖੇਪ ਵੇਰਵਾ**

ਜੇ ਤੁਸੀਂ ਆਪਣੀ ਐਪਲੀਕੇਸ਼ਨ ਔਨਲਾਈਨ ਦਰਜ ਕਰਵਾ ਰਹੇ ਹੋ:
ਦੇਰੀ ਤੋਂ ਬਚਣ ਲਈ, ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਪੂਰੀ ਐਪਲੀਕੇਸ਼ਨ ਮੁਕੰਮਲ ਕੀਤੀ ਹੈ ਅਤੇ ਕੋਈ ਵੀ ਜਾਣਕਾਰੀ ਜਾਂ ਭਾਗ ਭਰਨ ਵਾਲੇ ਨਹੀਂ ਰਹਿੰਦੇ।

ਜੇ ਤੁਸੀਂ ਆਪਣੀ ਐਪਲੀਕੇਸ਼ਨ ਡਾਕ ਰਾਹੀਂ ਭੇਜ ਰਹੇ ਹੋ:

- ਸਾਰੇ ਸਫਿਆਂ ਉੱਪਰ ਆਪਣਾ ਸੋਸ਼ਲ ਇਨਸ਼ੋਰੈਂਸ ਨੰਬਰ ਲਿਖੋ
- ਸਾਰੇ ਫਾਰਮਾਂ ਉੱਪਰ ਦਸਖਤ ਕਰੋ ਅਤੇ ਤਾਰੀਕ ਪਾਉ
- ਆਪਣੇ ਡਾਕਟਰ ਤੋਂ ਮੈਡੀਕਲ ਰਿਪੋਰਟ ਨਾਲ ਲਗਾਉ ਜੇ ਡਾਕਟਰ ਨੇ ਆਪਣੀ ਰਿਪੋਰਟ ਵੱਖਰੇ ਤੌਰ ’ਤੇ ਨਹੀਂ ਭੇਜੀ ਹੈ।
- ਜੇ ਤੁਹਾਡੇ ਬੱਚਿਆਂ ਦਾ ਸੋਸ਼ਲ ਇਨਸ਼ੋਰੈਂਸ ਨੰਬਰ ਨਹੀਂ ਹੈ ਤਾਂ ਜਨਮ ਦਾ ਸਬੂਤ ਨਾਲ ਲਾਉ (ਸਰਟੀਫਾਇਡ ਕਾਪੀਆਂ ਪ੍ਰਵਾਨਯੋਗ ਹਨ)।

**ਸੁਝਾਅ** | ਜੇ ਤੁਸੀਂ ਆਪਣੀ ਐਪਲੀਕੇਸ਼ਨ ਡਾਕ ਰਾਹੀਂ ਭੇਜ ਰਹੇ ਹੋ ਤਾਂ ਆਪਣੇ ਰਿਕਾਰਡਾਂ ਲਈ ਫੋਟੋਕਾਪੀ ਰੱਖਣਾ ਯਾਦ ਰੱਖੋ।

ਜੇ ਤੁਸੀਂ ਆਪਣੀ ਐਪਲੀਕਸ਼ਨ ਆਪ ਜਾ ਕੇ ਦੇ ਰਹੇ ਹੋ:

- ਸਰਵਿਸ ਕੈਨੇਡਾ ਦੇ ਆਪਣੇ ਲੋਕਲ ਦਫਤਰ ਜਾਉ
- ਜੇ ਤੁਹਾਡੇ ਬੱਚੇ ਹਨ ਅਤੇ ਉਨ੍ਹਾਂ ਕੋਲ ਸੋਸ਼ਲ ਇਨਸ਼ੋਰੈਂਸ ਨੰਬਰ ਨਹੀਂ ਹੈ ਤਾਂ ਅਪੌਇੰਟਮੈਂਟ ’ਤੇ ਆਪਣੇ ਨਾਲ ਉਨ੍ਹਾਂ ਦੇ ਜਨਮ ਦਾ ਸਬੂਤ ਲੈ ਕੇ ਜਾਉ

ਇਹ ਪੱਕਾ ਕਰਨ ਲਈ ਆਮ ਜਾਣਕਾਰੀ ਦੇਣ ਵਾਲੀ ਗਾਈਡ ਦੇ ਸਫਾ 4 'ਤੇ ਵਿਚਾਰ ਕਰੋ ਕਿ ਤੁਹਾਡੇ ਕੋਲ ਸਹੀ ਪੇਪਰ ਹਨ।

ਈ ਐੱਸ ਡੀ ਸੀ ਨੂੰ ਮੁਕੰਮਲ ਕੀਤੀ ਹੋਈ ਐਪਲੀਕੇਸ਼ਨ ਅਤੇ ਲੋੜੀਂਦੀ ਜਾਣਕਾਰੀ ਮਿਲ ਜਾਣ ਤੋਂ ਬਾਅਦ, ਸਰਵਿਸ ਕੈਨੇਡਾ ਨੂੰ ਇਸ 'ਤੇ ਕਾਰਵਾਈ ਕਰਨ ਨੂੰ ਔਸਤ 120 ਕਾਰੋਬਾਰੀ ਦਿਨ ਲੱਗਦੇ ਹਨ। ਕੁਝ ਕੇਸਾਂ ਵਿਚ ਇਸ ਨੂੰ ਜ਼ਿਆਦਾ ਸਮਾਂ ਲੱਗ ਸਕਦਾ ਹੈ ਜਿਵੇਂ ਕਿ ਜੇ:

- ਉਹ ਤੁਹਾਡੀ ਮੈਡੀਕਲ ਰਿਪੋਰਟ ਦੀ ਉਡੀਕ ਕਰ ਰਹੇ ਹਨ
- ਉਹ ਡਾਕਟਰ (ਡਾਕਟਰਾਂ) ਤੋਂ ਹੋਰ ਪੇਪਰਾਂ ਦੀ ਉਡੀਕ ਕਰ ਰਹੇ ਹਨ
- ਉਹ ਕੋਈ ਖਾਸ ਅਸੈੱਸਮੈਂਟ ਜਾਂ ਇਲਾਜ ਪੂਰਾ ਹੋਣ ਦੀ ਉਡੀਕ ਕਰ ਰਹੇ ਹਨ
- ਤੁਹਾਡੀ ਐਪਲੀਕੇਸ਼ਨ ਵਿਚਲੀ ਜਾਣਕਾਰੀ ਅਧੂਰੀ ਹੈ
- ਤੁਸੀਂ ਕੈਨੇਡਾ ਤੋਂ ਬਾਹਰ ਕੰਮ ਕੀਤਾ ਹੈ ਅਤੇ ਉਹ ਇਹ ਪਤਾ ਲਾਉਣ ਦੀ ਉਡੀਕ ਕਰ ਰਹੇ ਹਨ ਕਿ ਕੀ ਤੁਸੀਂ ਅਜਿਹੇ ਯੋਗਦਾਨ ਪਾਏ ਹਨ ਜਿਹੜੇ ਤਬਦੀਲ ਕੀਤੇ ਜਾ ਸਕਦੇ ਹਨ।

ਐਪਲੀਕੇਸ਼ਨਾਂ 'ਤੇ ਕਦੇ ਕਦੇ ਤੇਜ਼ੀ ਨਾਲ ਕਾਰਵਾਈ ਵੀ ਹੋ ਸਕਦੀ ਹੈ। ਜੇ ਅਪੀਲਕਰਤਾ ਦੀ ਕੋਈ ਅਜਿਹੀ ਮੈਡੀਕਲ ਹਾਲਤ ਹੈ ਜਿਸ ਨੂੰ ਸਰਵਿਸ ਕੈਨੇਡਾ "ਗਰੇਵ ਮੈਡੀਕਲ ਕੰਡੀਸ਼ਨ" ਕਹਿੰਦੀ ਹੈ, ਤੁਹਾਡੀ ਐਪਲੀਕੇਸ਼ਨ 'ਤੇ ਤੇਜ਼ੀ ਨਾਲ ਕਾਰਵਾਈ ਹੋਵੇਗੀ ਅਤੇ ਤੁਸੀਂ ਬੈਨੇਫਿਟਸ ਤੇਜ਼ੀ ਨਾਲ ਲੈਣ ਦੇ ਯੋਗ ਹੋਣੇ ਚਾਹੀਦੇ ਹੋ।

- ਗਰੇਵ ਮੈਡੀਕਲ ਕੰਡੀਸ਼ਨ (ਗੰਭੀਰ ਮੈਡੀਕਲ ਹਾਲਤ) ਉਹ ਹੋਵੇਗੀ ਜਿਸ ਨੂੰ ਸਰਵਿਸ ਕੈਨੇਡਾ ਨੇ ਹਾਲਤ ਦੀ ਗੰਭੀਰਤਾ ਕਰਕੇ ਜਾਂ ਮੌਤ ਦੀ ਸੰਭਾਵਨਾ ਕਰਕੇ ਪ੍ਰਵਾਨ ਕੀਤੇ ਜਾਣ ਦੇ ਇਕ ਵੱਡੇ ਮੌਕੇ ਵਜੋਂ ਦੇਖਿਆ ਹੈ ਪਰ ਇਸ ਸਮੇਂ ਇਹ ਮਾਰੂ ਬੀਮਾਰੀ (ਟਰਮੀਨਲ ਇਲਨੈੱਸ) ਲਈ ਐਪਲੀਕੇਸ਼ਨ ਦੀ ਵਰਤੋਂ ਕਰਨ ਦੇ ਮਾਪਦੰਡ ਪੂਰੇ ਨਹੀਂ ਕਰਦੀ। ਗੰਭੀਰ ਮੈਡੀਕਲ ਹਾਲਤਾਂ ਦੀ ਲਿਸਟ ਲਈ ਅੰਤਿਕਾ ਐੱਫ ਦੇਖੋ। ਮੈਡੀਕਲ ਅਡਜੂਡੀਕੇਟਰ ਤੁਹਾਨੂੰ ਫੋਨ ਕਰੇਗਾ ਜਾਂ ਚਿੱਠੀ ਡਾਕ ਰਾਹੀਂ ਭੇਜੇਗਾ ਅਤੇ ਤੁਹਾਨੂੰ ਦੱਸੇਗਾ ਕਿ ਤੁਹਾਡੀ ਐਪਲੀਕੇਸ਼ਨ ਮਿਲ ਗਈ ਹੈ ਅਤੇ ਉਨ੍ਹਾਂ ਦੇ ਕੁਝ ਹੋਰ ਸਵਾਲ ਹੋ ਸਕਦੇ ਹਨ। ਜੇ ਅਡਜੂਡੀਕੇਟਰ ਨੂੰ ਜਾਣਕਾਰੀ ਇਕੱਠੀ ਕਰਨ ਲਈ ਹੋਰ ਸਮੇਂ ਦੀ ਲੋੜ ਹੈ ਤਾਂ ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਇਸ ਸਮੇਂ ਦੀ ਆਗਿਆ ਦਿਉ। ਅਕਸਰ ਇਕੱਲੀ ਮੈਡੀਕਲ ਰਿਪੋਰਟ ਵਿਚ ਐਪਲੀਕੇਸ਼ਨ 'ਤੇ ਫੈਸਲਾ ਕੀਤੇ ਜਾਣ ਜੋਗੀ ਸਾਮੱਗਰੀ ਨਹੀਂ ਹੁੰਦੀ। ਜੇ ਤੁਸੀਂ ਉਨ੍ਹਾਂ ਤੋਂ ਤੇਜ਼ੀ ਕਰਨ ਦੀ ਮੰਗ ਕਰਦੇ ਹੋ ਅਤੇ ਅਡਜੂਡੀਕੇਟਰ ਛੇਤੀ ਨਾਲ ਫੈਸਲਾ ਕਰਦਾ ਹੈ ਤਾਂ ਅਕਸਰ ਨਤੀਜਾ ਨਾਂਹ ਹੁੰਦਾ ਹੈ।

ਜੇ ਤੁਹਾਡੀ ਐਪਲੀਕੇਸ਼ਨ ਪ੍ਰਵਾਨ ਕਰ ਲਈ ਜਾਂਦੀ ਹੈ

ਵਧਾਈਆਂ! ਤੁਹਾਨੂੰ ਆਪਣੀ ਐਪਲੀਕੇਸ਼ਨ ਦੇ ਪ੍ਰਵਾਨ ਹੋਣ ਤੋਂ ਬਾਅਦ ਤਕਰੀਬਨ 4 ਤੋਂ 6 ਹਫਤਿਆਂ ਬਾਅਦ ਆਪਣੀ ਪਹਿਲੀ ਪੇਮੈਂਟ ਮਿਲੇਗੀ। ਤੁਹਾਡੀ ਪਹਿਲੀ ਪੇਮੈਂਟ ਵਿਚ ਪਿੱਛੇ ਦੀ ਤਾਰੀਕ ਤੋਂ ਉੱਕਾ-ਪੁੱਕਾ ਰਕਮ ਅਤੇ ਮਹੀਨਾਵਾਰ ਬੈਨੇਫਿਟ ਪੇਮੈਂਟ ਦੀ ਚੈੱਕ ਸ਼ਾਮਲ ਹੋਣਗੇ। ਤੁਹਾਡੀ ਉੱਕਾ-ਪੁੱਕਾ ਰਕਮ ਈ ਐੱਸ ਡੀ ਸੀ ਦੇ ਇਹ ਫੈਸਲਾ ਕਰ ਲੈਣ ਤੋਂ ਚਾਰ ਮਹੀਨਿਆਂ ਬਾਅਦ ਜਮ੍ਹਾਂ ਹੋਣੀ ਸ਼ੁਰੂ ਹੋ ਜਾਂਦੀ ਹੈ ਕਿ ਤੁਸੀਂ ਸੀ ਪੀ ਪੀ ਦੇ ਨਿਯਮਾਂ ਹੇਠ ਡਿਸਏਬਲਡ ਹੋ। ਯਾਦ ਰੱਖੋ ਕਿ ਸੀ ਪੀ ਪੀ ਟੈਕਸ ਵਿਚ ਭਰਨ ਯੋਗ ਆਮਦਨ ਹੈ। ਜ਼ਿਆਦਾ ਜਾਣਕਾਰੀ ਲਈ 1-800-277-9914 'ਤੇ ਫੋਨ ਕਰੋ।

ਜਦੋਂ ਤੁਸੀਂ ਸੀ ਪੀ ਪੀ-ਡੀ ਬੈਨੇਫਿਟਸ 'ਤੇ ਹੁੰਦੇ ਹੋ ਤਾਂ ਤੁਹਾਡੇ ਲਈ ਕੰਮ ਦੀ ਇਕ ਖਾਸ ਰਕਮ ਤੋਂ ਉੱਪਰ ਦੀ ਕਮਾਈ ਬਾਰੇ ਦੱਸਣਾ ਜ਼ਰੂਰੀ ਹੈ। ਸਾਲ 2025 ਵਿਚ, ਇਹ ਰਕਮ $7,100 ਸੀ (ਟੈਕਸਾਂ ਤੋਂ ਪਹਿਲਾਂ)। ਇਹ ਰਕਮ ਹਰ ਸਾਲ ਅਡਜਸਟ ਕੀਤੀ ਜਾਂਦੀ ਹੈ।

ਇਸ ਦਾ ਮਤਲਬ ਆਪਣੇ ਆਪ ਇਹ ਨਹੀਂ ਹੈ ਕਿ ਤੁਹਾਡੇ ਬੈਨੇਫਿਟਸ ਬੰਦ ਕਰ ਦਿੱਤੇ ਜਾਣਗੇ ਪਰ ਇਸ ਨਾਲ ਇਹ ਦੇਖਣ ਲਈ ਤੁਹਾਡੇ ਕੇਸ 'ਤੇ ਵਿਚਾਰ ਹੋ ਸਕਦੀ ਹੈ ਕਿ ਕੀ ਤੁਹਾਡੀ ਮੈਡੀਕਲ ਹਾਲਤ (ਹਾਲਤਾਂ) ਵਿਚ ਤਬਦੀਲੀਆਂ ਆਈਆਂ ਹਨ। ਇਸ ਵਿਚ ਆਮ ਤੌਰ 'ਤੇ ਤੁਹਾਡੇ ਲਈ, ਤੁਹਾਡੇ ਕੰਮ-ਮਾਲਕ ਲਈ, ਅਤੇ ਤੁਹਾਡੇ ਡਾਕਟਰ ਲਈ ਸਵਾਲ ਸ਼ਾਮਲ ਹੁੰਦੇ ਹਨ।

ਇਸ ਲਿਖਤ ਦੇ ਲਿਖਣ ਵੇਲੇ, ਤੁਹਾਨੂੰ ਵਾਲੰਟੀਅਰ ਕੰਮ ਦੀ ਜਾਂ ਜੇ ਤੁਸੀਂ ਕੋਈ ਕਲਾਸਾਂ ਲੈ ਰਹੇ ਹੋ ਜਾਂ ਕਿਸੇ ਕਿਸਮ ਦੀ ਪੜ੍ਹਾਈ ਕਰ ਰਹੇ ਹੋ, ਉਸ ਬਾਰੇ ਦੱਸਣ ਦੀ ਲੋੜ ਨਹੀਂ ਹੈ।

ਜੇ ਤੁਸੀਂ ਕੰਮ ਦੀ ਆਮਦਨ ਜਾਂ ਸਕੂਲ ਦੀ ਪੜ੍ਹਾਈ ਪੂਰੀ ਹੋਣ ਬਾਰੇ ਨਹੀਂ ਦੱਸਦੇ ਤਾਂ ਤੁਹਾਨੂੰ ਵਾਧੂ ਭੁਗਤਾਨ ਹੋਇਆ ਵਾਪਸ ਕਰਨਾ ਪੈ ਸਕਦਾ ਹੈ।

<u>ਜੇ ਤੁਹਾਡੀ ਐਪਲੀਕੇਸ਼ਨ ਪ੍ਰਵਾਨ ਨਹੀਂ ਕੀਤੀ ਗਈ ਹੈ</u>

ਜੇ ਤੁਹਾਡੀ ਐਪਲੀਕੇਸ਼ਨ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ 90 ਦਿਨਾਂ ਦੇ ਵਿਚ ਵਿਚ ਇਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ। ਕਿਰਪਾ ਕਰਕੇ ਸਾਡੀ ਸੀ ਪੀ ਪੀ-ਡੀ ਬਾਰੇ ਲਿਖਤ: ਅਪੀਲ ਗਾਈਡ: ਹਿੱਸਾ 1- ਦੁਬਾਰਾ ਵਿਚਾਰ ਕਰਨ ਲਈ ਬੇਨਤੀ ਦੇਖੋ।

# ਅੰਤਿਕਾ ਏ | ਖਾਸ ਧਰਾਵਾਂ (ਸੀ ਪੀ ਪੀ ਯੋਗਦਾਨ)

ਜੇ ਸੀ ਪੀ ਪੀ ਵਿਚ ਪਾਏ ਗਏ ਤੁਹਾਡੇ ਯੋਗਦਾਨ ਇਸ ਗਾਈਡ ਦੇ "ਸੀ ਪੀ ਪੀ-ਡੀ ਲਈ ਯੋਗ ਹੋਣਾ" ਵਾਲੇ ਹਿੱਸੇ ਵਿਚ ਦੱਸੀਆਂ ਗਈਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਤਾਂ ਤੁਸੀਂ ਅਜੇ ਵੀ ਯੋਗ ਹੋ ਸਕਦੇ ਹੋ ਜੇ ਹੇਠਾਂ ਵਰਣਨ ਕੀਤੀਆਂ ਗਈਆਂ ਖਾਸ ਧਰਾਵਾਂ ਵਿੱਚੋਂ ਕੋਈ ਤੁਹਾਡੀ ਹਾਲਤ ਦੱਸਦੀਆਂ ਹੋਣ।

## ਲੇਟ ਅਰਜ਼ੀਕਰਤਾ ਦੀ ਵਿਵਸਥਾ

ਇਹ ਉਨ੍ਹਾਂ ਲੋਕਾਂ ਲਈ ਵਰਤੀ ਜਾ ਸਕਦੀ ਹੈ ਜਿਨ੍ਹਾਂ ਨੇ ਸੀ ਪੀ ਪੀ-ਡੀ ਲਈ ਡਿਸਏਬਲ ਹੋਣ ਤੋਂ ਬਾਅਦ ਛੇਤੀ ਤੋਂ ਛੇਤੀ ਅਪਲਾਈ ਨਹੀਂ ਕੀਤਾ। ਜਦੋਂ ਲੋਕ ਅਪਲਾਈ ਕਰਨ ਲਈ ਬਹੁਤ ਜ਼ਿਆਦਾ ਸਮਾਂ ਉਡੀਕ ਕਰਦੇ ਹਨ ਤਾਂ ਯੋਗਦਾਨ ਪਾਉਣ ਦੇ ਨਿਯਮਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਉਹ ਬੈਨੇਫਿਟਸ ਲਈ ਅਯੋਗ ਹਨ।

ਜਦੋਂ ਸੀ ਪੀ ਪੀ-ਡੀ ਲਈ ਅਪਲਾਈ ਕਰਨ ਵਾਲੇ ਕਿਸੇ ਵਿਅਕਤੀ ਨੇ ਸੀ ਪੀ ਪੀ ਵਿਚ ਯੋਗਦਾਨ ਦੀਆਂ ਮੌਜੂਦਾ ਸ਼ਰਤਾਂ ਹੇਠ ਕਾਫੀ ਹਿੱਸਾ ਨਹੀਂ ਪਾਇਆ ਹੁੰਦਾ ਤਾਂ ਈ ਐੱਸ ਡੀ ਸੀ ਇਹ ਪਤਾ ਲਾਉਣ ਲਈ ਆਪਣੇ ਆਪ ਹੀ ਉਸ ਵਲੋਂ ਪਾਏ ਗਏ ਯੋਗਦਾਨ ਦੇਖਦੀ ਹੈ ਕਿ ਉਸ ਨੇ ਬੈਨੇਫਿਟਸ ਲਈ ਯੋਗ ਹੋਣ ਵਾਸਤੇ ਸੀ ਪੀ ਪੀ ਵਿਚ ਪਿਛਲੀ ਵਾਰੀ ਕਦੋਂ ਕਾਫੀ ਹਿੱਸਾ ਪਾਇਆ ਸੀ। ਉਦਾਹਰਣ ਲਈ, ਜੇ ਕਿਸੇ ਨੇ 1987 ਅਤੇ 1997 ਦੇ ਵਿਚਕਾਰ ਲੋੜੀਂਦਾ ਯੋਗਦਾਨ ਪਾਇਆ ਹੈ (ਪਰ ਉਸ ਤਾਰੀਕ ਤੋਂ ਬਾਅਦ ਨਹੀਂ) ਤਾਂ ਜਿਹੜੇ ਨਿਯਮ ਉਸ ਉੱਪਰ ਲਾਗੂ ਹੋਣਗੇ, ਉਹ ਅਜਿਹੇ ਹੋਣਗੇ ਜਿਹੜੇ 1987 ਅਤੇ 1997 ਦੇ ਵਿਚਕਾਰ ਲਾਗੂ ਸਨ।

ਲੇਟ ਅਰਜ਼ੀਕਰਤਾ ਦੀ ਵਿਵਸਥਾ ਹੇਠ, ਅਰਜ਼ੀਕਰਤਾ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਉਹ ਐੱਮ ਕਿਊ ਪੀ ਦੀ ਤਾਰੀਕ ਤੱਕ ਡਿਸਏਬਲ ਸੀ ਅਤੇ ਉਸ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਡਿਸਏਬਿਲਟੀ ਉਸ ਤਾਰੀਕ ਤੋਂ ਲੈ ਕੇ ਅੱਜ ਦੇ ਦਿਨ ਤੱਕ ਜਾਰੀ ਰਹੀ ਹੈ।

## ਬੱਚੇ ਨੂੰ ਪਾਲਣ ਲਈ ਕੰਮ ਛੱਡਣ ਦੀ ਵਿਵਸਥਾ

ਜਿਹੜੇ ਮਾਪਿਆਂ ਨੇ ਸੱਤ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਾਲਣ ਲਈ ਕੰਮ ਛੱਡਿਆ ਹੈ ਅਤੇ ਫੈਮਿਲੀ ਅਲਾਊਂਸ ਜਾਂ ਚਾਈਲਡ ਟੈਕਸ ਕਰੈਡਿਟ ਲਿਆ ਹੈ, ਉਹ ਇਸ ਵਿਵਸਥਾ ਲਈ ਅਪਲਾਈ ਕਰ ਸਕਦੇ ਹਨ। ਇਨ੍ਹਾਂ ਸਾਲਾਂ ਦੌਰਾਨ ਜੇ ਮਾਪੇ ਦੀ ਬਹੁਤ ਘੱਟ ਜਾਂ ਕੋਈ ਕਮਾਈ ਨਹੀਂ ਹੈ ਤਾਂ ਉਨ੍ਹਾਂ ਨੂੰ ਉਸ ਨਿਯਮ ਵਿੱਚੋਂ ਬਾਹਰ ਰੱਖਿਆ ਜਾ ਸਕਦਾ ਹੈ ਜਿਸ ਦੀ ਵਰਤੋਂ ਉਨ੍ਹਾਂ ਦੇ ਯੋਗਦਾਨਾਂ ਦਾ ਹਿਸਾਬ ਲਾਉਣ ਲਈ ਕੀਤੀ ਜਾਂਦੀ ਹੈ। ਭਾਵੇਂ ਕਿ ਮਾਪੇ ਨੂੰ ਅਜੇ ਵੀ ਵਾਜਬ ਯੋਗਦਾਨ ਦੀ ਲੋੜ ਪਵੇਗੀ, ਇਹ ਵਿਵਸਥਾ ਉਸ ਦੀ ਐੱਮ ਕਿਊ ਪੀ ਵਧਾ ਸਕਦੀ ਹੈ।

## ਅਸਮਰੱਥਾ ਦੀ ਵਿਵਸਥਾ

ਜਦੋਂ ਕੋਈ ਵਿਅਕਤੀ ਆਪਣੀ ਸਰੀਰਕ ਜਾਂ ਮਾਨਸਿਕ ਹਾਲਤ ਦੀ ਤੀਖਣਤਾ ਕਾਰਨ ਸੀ ਪੀ ਪੀ-ਡੀ ਬੈਨੇਫਿਟਸ ਲਈ ਅਪਲਾਈ ਕਰਨ ਦੇ ਅਯੋਗ ਹੁੰਦਾ ਹੈ ਤਾਂ ਇਹ ਵਿਵਸਥਾ ਉਸ ਨੂੰ ਕਿਸੇ ਬਾਅਦ ਦੀ ਤਾਰੀਕ ਨੂੰ ਅਪਲਾਈ ਕਰਨ ਦੀ ਆਗਿਆ ਦਿੰਦੀ ਹੈ। ਇਸ ਤੱਕ ਪਹੁੰਚ ਕਰਨ ਲਈ ਤੁਹਾਡੇ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਤੁਸੀਂ ਬੈਨੇਫਿਟਸ ਲਈ ਅਪਲਾਈ ਕਰਨ ਦਾ ਇਰਾਦਾ ਬਣਾਉਣ ਦੇ ਪੂਰੀ ਤਰ੍ਹਾਂ ਅਯੋਗ ਸੀ ਅਤੇ ਤੁਹਾਡੇ ਕੋਲ ਇਹ ਸਮਰੱਥਾ (ਹਿੰਮਤ) ਨਹੀਂ ਸੀ ਕਿ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਆਪਣੀ ਤਰਫੋਂ ਐਪਲੀਕੇਸ਼ਨ ਭਰਨ ਲਈ ਕਹਿ ਸਕੋ। ਤੁਹਾਡੇ ਲਈ ਅਜੇ ਵੀ ਐੱਮ ਕਿਊ ਪੀ ਦੀਆਂ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ, ਪਰ ਇਹ ਵਿਵਸਥਾ ਤੁਹਾਨੂੰ ਪਿੱਛੇ ਤੋਂ ਜ਼ਿਆਦਾ ਬੈਨੇਫਿਟਸ ਮਿਲਣ ਵਿਚ ਮਦਦ ਕਰ ਸਕਦੀ ਹੈ।

## ਆਪਣੇ ਆਪ ਵਾਪਸੀ ਦੀ ਵਿਵਸਥਾ

ਜਦੋਂ ਸੀ ਪੀ ਪੀ-ਡੀ ਲੈ ਰਿਹਾ ਕੋਈ ਵਿਅਕਤੀ ਕੰਮ 'ਤੇ ਵਾਪਸ ਜਾਂਦਾ ਹੈ ਅਤੇ ਫਿਰ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਓਸੇ ਜਾਂ ਇਸ ਨਾਲ ਸੰਬੰਧਿਤ ਡਿਸਏਬਿਲਟੀ ਕਰਕੇ ਕੰਮ ਕਰਨਾ ਜਾਰੀ ਨਹੀਂ ਰੱਖ ਸਕਦਾ ਤਾਂ ਉਹ ਆਪਣੀ ਸੀ ਪੀ ਪੀ-ਡੀ ਦੁਬਾਰਾ ਸ਼ੁਰੂ ਕੀਤੇ ਜਾਣ ਲਈ ਅਪਲਾਈ ਕਰ ਸਕਦਾ ਹੈ।

ਇਹ ਸਿਰਫ ਤਾਂ ਹੀ ਸੰਭਵ ਹੈ ਜੇ ਤੁਸੀਂ ਸੀ ਪੀ ਪੀ-ਡੀ ਤੋਂ ਹਟਣ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਕੰਮ ਕਰਨਾ ਬੰਦ ਕਰਦੇ ਹੋ। ਤੁਹਾਡੇ ਲਈ ਕੰਮ ਕਰਨਾ ਬੰਦ ਕਰਨ ਦੀ ਤਾਰੀਕ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਈ ਐੱਸ ਡੀ ਸੀ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੁਹਾਨੂੰ ਆਪਣੇ ਬੈਨੇਫਿਟਸ ਦੁਬਾਰਾ ਸ਼ੁਰੂ ਕਰਨ ਦੀ ਲੋੜ ਹੈ।

ਆਪਣੇ ਆਪ ਵਾਪਸੀ (ਔਟੋਮੈਟਿਕ ਰੀਇਨਸਟੇਟਮੈਂਟ) ਦਾ ਮਤਲਬ ਹੈ ਕਿ ਤੁਹਾਨੂੰ ਉਸੇ ਕਾਰਜ ਵਿਚ ਲੰਘਣ ਦੀ ਲੋੜ ਨਹੀਂ ਹੈ ਜਿਹੜਾ ਤੁਸੀਂ ਸੀ ਪੀ ਪੀ-ਡੀ ਲਈ ਪਹਿਲੀ ਵਾਰ ਅਪਲਾਈ ਕਰਨ ਵੇਲੇ ਕੀਤਾ ਸੀ। ਪਰ, ਤੁਹਾਨੂੰ ਦੁਬਾਰਾ ਬਹਾਲੀ ਲਈ ਇਕ ਐਪਲੀਕੇਸ਼ਨ ਭਰਨੀ ਪਵੇਗੀ ਅਤੇ ਤੁਹਾਨੂੰ ਆਪਣੇ ਡਾਕਟਰ ਤੋਂ ਇਹ ਦੱਸਣ ਵਾਲੀ ਚਿੱਠੀ ਦੀ ਲੋੜ ਪਵੇਗੀ ਕਿ ਓਹੀ ਹਾਲਤ ਤੁਹਾਨੂੰ ਕੰਮ ਕਰਨ ਤੋਂ ਰੋਕਦੀ ਹੈ। ਈ ਐੱਸ ਡੀ ਸੀ ਵਲੋਂ ਬਹਾਲੀ ਲਈ ਐਪਲੀਕੇਸ਼ਨ ਪ੍ਰਵਾਨ ਕਰ ਲੈਣ ’ਤੇ, ਸੀ ਪੀ ਪੀ-ਡੀ ਬੈਨੇਫਿਟਸ ਵਿਅਕਤੀ ਦੇ ਕੰਮ ਕਰਨ ਦੇ ਅਯੋਗ ਹੋਣ ਤੋਂ ਮਹੀਨੇ ਬਾਅਦ ਸ਼ੁਰੂ ਹੋ ਜਾਂਦੇ ਹਨ। ਇਹ ਨਿਯਮ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਸੀ ਪੀ ਪੀ-ਡੀ ’ਤੇ ਸਨ, ਜਿਹੜੇ ਕੰਮ ’ਤੇ ਵਾਪਸ ਗਏ ਅਤੇ ਜਿਨ੍ਹਾਂ ਨੂੰ 31 ਜਨਵਰੀ, 2025 ਨੂੰ ਜਾਂ ਬਾਅਦ ਬੈਨੇਫਿਟਸ ਮਿਲਣੇ ਬੰਦ ਹੋਏ ਸਨ।

ਤੁਸੀਂ ਇਹ ਵਿਵਸਥਾ ਨਹੀਂ ਲੈ ਸਕਦੇ ਜੇ ਤੁਸੀਂ ਕਿਸੇ ਕੰਮ ਦੀ ਆਮਦਨ ਨਹੀਂ ਦੱਸੀ ਹੈ ਜਿਸ ਦਾ ਸਰਵਿਸ ਕੈਨੇਡਾ ਨੂੰ ਪਤਾ ਲੱਗਾ ਹੈ।

## ਤੇਜ਼ੀ ਨਾਲ ਦੁਬਾਰਾ ਐਪਲੀਕੇਸ਼ਨ ਕਰਨ ਦੀ ਵਿਵਸਥਾ

ਇਹ ਵਿਵਸਥਾ ਸਿਰਫ ਉਨ੍ਹਾਂ ਲੋਕਾਂ ਲਈ ਉਪਲਬਧ ਹੈ ਜਿਹੜੇ ਸੀ ਪੀ ਪੀ-ਡੀ ਲੈਣ ਤੋਂ ਬਾਅਦ ਕੰਮ ’ਤੇ ਵਾਪਸ ਜਾਂਦੇ ਹਨ, ਪਰ ਉਸੇ ਜਾਂ ਸੰਬੰਧਿਤ ਡਿਸਏਬਿਲਟੀ ਕਰਕੇ ਪੰਜ ਸਾਲਾਂ ਦੇ ਵਿਚ ਵਿਚ ਫਿਰ ਕੰਮ ਕਰਨਾ ਬੰਦ ਕਰ ਦਿੰਦੇ ਹਨ। ਇਸ ਕੇਸ ਵਿਚ, ਤੁਹਾਡੇ ਲਈ ਕੰਮ ਕਰਨਾ ਸ਼ੁਰੂ ਕਰਨ ਤੋਂ ਲੈ ਹਰ ਸਾਲ ਵਿਚ ਵਾਜਬ ਯੋਗਦਾਨ ਪਾਏ ਹੋਣਾ ਜ਼ਰੂਰੀ ਹੈ। ਪੰਜ ਸਾਲਾਂ ਬਾਅਦ, ਐਪਲੀਕੇਸ਼ਨ ਦਾ ਆਮ ਤਰੀਕਾ ਅਤੇ ਛੇ ਸਾਲਾਂ ਵਿੱਚੋਂ ਚਾਰ ਸਾਲ ਵਾਲਾ ਨਿਯਮ ਲਾਗੂ ਹੁੰਦਾ ਹੈ।

ਤੁਸੀਂ ਇਹ ਵਿਵਸਥਾ ਨਹੀਂ ਲੈ ਸਕਦੇ ਜੇ ਤੁਸੀਂ ਕਿਸੇ ਕੰਮ ਦੀ ਆਮਦਨ ਨਹੀਂ ਦੱਸੀ ਹੈ ਜਿਸ ਦਾ ਸਰਵਿਸ ਕੈਨੇਡਾ ਨੂੰ ਪਤਾ ਲੱਗਾ ਹੈ।

## ਰਿਟਾਇਰਮੈਂਟ ਤੋਂ ਬਾਅਦ ਡਿਸਏਬਿਲਟੀ ਲਈ ਐਪਲੀਕੇਸ਼ਨ

1 ਜਨਵਰੀ, 2019 ਨੂੰ ਸ਼ੁਰੂ ਕੀਤਾ ਗਿਆ, ਪੋਸਟ-ਰਿਟਾਇਰਮੈਂਟ ਡਿਸਏਬਿਲਟੀ (ਸੀ ਪੀ ਪੀ-ਪੀ ਆਰ ਡੀ) ਬੈਨੇਫਿਟ ਉਨ੍ਹਾਂ ਲੋਕਾਂ ਲਈ ਹੈ ਜਿਹੜੇ:

- 65 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਸੀ ਪੀ ਪੀ ਅਰਲੀ ਰਿਟਾਇਰਮੈਂਟ (ਸੀ ਪੀ ਪੀ-ਈ ਆਰ) ਬੈਨੇਫਿਟਸ ਲੈ ਰਹੇ ਹਨ ਅਤੇ ਉਨ੍ਹਾਂ ਨੇ ਅਜਿਹਾ ਹੁਣ ਤੱਕ 15 ਮਹੀਨੇ ਤੋਂ ਜ਼ਿਆਦਾ ਸਮੇਂ ਲਈ ਕੀਤਾ ਹੈ ਜਾਂ,
- ਆਪਣੇ ਸੀ ਪੀ ਪੀ-ਈ ਆਰ ਦੇ ਸ਼ੁਰੂ ਹੋਣ ਤੋਂ ਬਾਅਦ ਡਿਸਏਬਲ ਹੋਏ ਹਨ

ਬਾਕੀ ਮਾਪਦੰਡ ਅਤੇ ਫਾਰਮ ਸੀ ਪੀ ਪੀ-ਡੀ ਵਾਲੇ ਹੀ ਹਨ। ਤੁਹਾਨੂੰ ਅਜੇ ਵੀ ਇਹ ਦਿਖਾਉਣਾ ਪਵੇਗਾ ਕਿ ਆਪਣੇ ਐੱਮ ਕਿਊ ਪੀ ਦੇ ਅੰਤ ਤੱਕ ਤੁਹਾਡੀਆਂ ਹਾਲਤਾਂ ਸਖਤ ਅਤੇ ਲੰਮੇ ਸਮੇਂ ਲਈ ਵਾਲਾ ਟੈੱਸਟ ਪੂਰਾ ਕਰਦੀਆਂ ਹਨ। ਦੋਨੋਂ ਪ੍ਰੋਗਰਾਮ ਇੱਕੋ ਐਪਲੀਕੇਸ਼ਨ ਫਾਰਮ ਦੀ ਵਰਤੋਂ ਕਰਦੇ ਹਨ, ਇਸ ਲਈ ਜੇ ਤੁਸੀਂ ਸੀ ਪੀ ਪੀ-ਡੀ ਬੈਨੇਫਿਟਸ ਲਈ ਯੋਗ ਨਹੀਂ ਪਰ ਤੁਸੀਂ ਸੀ ਪੀ ਪੀ-ਪੀ ਆਰ ਡੀ ਲਈ ਯੋਗ ਹੋ ਸਕਦੇ ਹੋ ਤਾਂ ਇਸ ’ਤੇ ਆਪਣੇ ਆਪ ਹੀ ਕਾਰਵਾਈ ਹੋਵੇਗੀ।

ਜੇ ਪ੍ਰਵਾਨ ਕਰ ਲਈ ਗਈ ਤਾਂ ਸਰਵਿਸ ਕੈਨੇਡਾ ਸੀ ਪੀ ਪੀ-ਡੀ ਫਲੈਟ ਰੇਟ ਦੇਣਾ ਸ਼ੁਰੂ ਕਰੇਗੀ ਅਤੇ ਸੀ ਪੀ ਪੀ-ਈ ਆਰ ਬੈਨੇਫਿਟਸ ਦੇਣਾ ਜਾਰੀ ਰੱਖੇਗੀ।

## ਯੋਗਦਾਨਾਂ ਨਾਲ ਸੰਬੰਧਿਤ ਹੋਰ ਮੁੱਦੇ

- ਜੇ ਤੁਸੀਂ ਕਿਊਬੈਕ ਵਿਚ ਕੰਮ ਕੀਤਾ ਹੈ ਤਾਂ ਤੁਹਾਡੇ ਕਿਊਬੈਕ ਪੈਨਸ਼ਨ ਪਲੈਨ ਲਈ ਯੋਗਦਾਨ ਤੁਹਾਡੇ ਸੀ ਪੀ ਪੀ ਯੋਗਦਾਨਾਂ ਨਾਲ ਇਕੱਠੇ ਕੀਤੇ ਜਾ ਸਕਦੇ ਹਨ।
- ਜੇ ਤੁਸੀਂ ਅਜਿਹੇ ਕਿਸੇ ਹੋਰ ਦੇਸ਼ ਵਿਚ ਕੰਮ ਕੀਤਾ ਹੈ ਜਿਸ ਦਾ ਕੈਨੇਡਾ ਨਾਲ ਸੋਸ਼ਲ ਸਕਿਉਰਟੀ ਐਗਰੀਮੈਂਟ ਹੈ ਤਾਂ ਉਸ ਦੇਸ਼ ਦੇ ਸੋਸ਼ਲ ਸਕਿਉਰਟੀ ਪ੍ਰੋਗਰਾਮ ਵਿਚ ਪਾਏ ਗਏ ਯੋਗਦਾਨ ਸੀ ਪੀ ਪੀ ਵਿਚ ਯੋਗਦਾਨ ਦੀ ਸ਼ਰਤ ਪੂਰੀ ਕਰਨ ਵਿਚ ਆਪਣੀ ਮਦਦ ਕਰਨ ਲਈ ਵਰਤੇ ਜਾ ਸਕਦੇ ਹਨ।
- ਜੇ ਤੁਸੀਂ ਅਲੱਗ ਜਾਂ ਤਲਾਕਸ਼ੁਦਾ ਹੋ (ਸਮੇਤ ਕੌਮਨ ਲਾਅ ਸੰਬੰਧਾਂ ਦੇ) ਅਤੇ ਪਲੈਨ ਵਿਚ ਆਪਣੇ ਪਿਛਲੇ ਪਾਰਟਨਰ/ ਸਪਾਊਸ ਨਾਲੋਂ ਘੱਟ ਯੋਗਦਾਨ ਪਾਇਆ ਹੈ ਤਾਂ ਤੁਸੀਂ ਉਸ ਸਮੇਂ ਦੌਰਾਨ ਦੇ ਆਪਣੇ ਸਾਬਕਾ ਪਾਰਟਨਰ ਦੇ ਸੀ ਪੀ ਪੀ ਯੋਗਦਾਨਾਂ ਦਾ ਹਿੱਸਾ ਕਲੇਮ ਕਰ ਸਕਦੇ ਹੋ ਜਦੋਂ ਤੁਸੀਂ ਇਕੱਠੇ ਰਹਿੰਦੇ ਸੀ। ਇਸ ਨੂੰ "ਕਰੈਡਿਟ ਸਪਲਿਟਿੰਗ" ਆਖਿਆ ਜਾਂਦਾ ਹੈ ਅਤੇ ਇਹ ਯੋਗਦਾਨ ਜਾਂ ਕਰੈਡਿਟ ਤੁਹਾਨੂੰ ਸੀ ਪੀ ਪੀ-ਡੀ ਲਈ ਯੋਗ ਬਣਾਉਣ ਵਿਚ ਮਦਦ ਕਰ ਸਕਦੇ ਹਨ ਭਾਵੇਂ ਤੁਸੀਂ ਕੰਮ ਨਹੀਂ ਵੀ ਕੀਤਾ ਹੈ।

# ਅੰਤਿਕਾ ਬੀ | ਡਿਸਏਬਿਲਟੀ ਦੀ ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਾ

**ਕੈਨੇਡਾ ਪੈਨਸ਼ਨ ਪਲੈਨ ਦਾ ਸੈਕਸ਼ਨ 42(2) ਡਿਸਏਬਿਲਟੀ ਦੀ ਪਰਿਭਾਸ਼ਾ ਦਿੰਦਾ ਹੈ। ਇਹ ਕਹਿੰਦਾ ਹੈ ਕਿ:**

**(ਏ)** ਕਿਸੇ ਵਿਅਕਤੀ ਨੂੰ ਡਿਸਏਬਲ ਸਿਰਫ ਤਾਂ ਹੀ ਸਮਝਿਆ ਜਾਵੇਗਾ ਜੇ ਉਸ ਨੂੰ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ **ਸਖਤ** ਅਤੇ **ਲੰਮਾ ਸਮਾਂ** ਰਹਿਣ ਵਾਲੀ ਮਾਨਸਿਕ ਜਾਂ ਸਰੀਰਕ ਡਿਸਏਬਿਲਟੀ ਹੈ, ਅਤੇ ਇਸ ਪੈਰੇ ਦੇ ਮੰਤਵਾਂ ਲਈ,

i) ਕੋਈ ਡਿਸਏਬਿਲਟੀ **ਸਖਤ** ਸਿਰਫ ਤਾਂ ਹੀ ਹੈ ਜੇ ਉਸ ਵਿਅਕਤੀ ਦੇ ਸੰਬੰਧ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ **ਨੇਮ ਨਾਲ ਕੋਈ ਫਾਇਦੇਮੰਦ ਕਿੱਤਾ ਲੱਭਣ ਦੇ ਅਯੋਗ ਹੈ**, ਅਤੇ

ii) ਕੋਈ ਡਿਸਏਬਿਲਟੀ **ਲੰਮਾ ਸਮਾਂ** ਰਹਿਣ ਵਾਲੀ ਸਿਰਫ ਤਾਂ ਹੀ ਹੈ ਜੇ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ ਇਹ ਫੈਸਲਾ ਕੀਤਾ ਗਿਆ ਹੈ ਕਿ ਡਿਸਏਬਿਲਟੀ ਦੇ **ਲੰਮਾ ਸਮਾ ਜਾਰੀ** ਅਤੇ **ਅਨਿਸ਼ਚਤ ਮਿਆਦ** ਲਈ ਜਾਰੀ ਰਹਿਣ ਜਾਂ ਇਸ ਦਾ ਨਤੀਜਾ ਮੌਤ ਵਿਚ ਨਿਕਲਣ ਦੀ ਸੰਭਾਵਨਾ ਹੈ; ਅਤ

**(ਬੀ)** ਕਿਸੇ ਵਿਅਕਤੀ ਨੂੰ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ ਉਸ ਸਮੇਂ ਡਿਸਏਬਲ ਹੋਇਆ ਜਾਂ ਡਿਸਏਬਲ ਹੋਣਾ ਬੰਦ ਹੋਇਆ ਸਮਝਿਆ ਜਾਵੇਗਾ ਜਦੋਂ ਉਹ ਡਿਸਏਬਲ ਹੋਇਆ ਸੀ ਜਾਂ ਡਿਸਏਬਲ ਹੋਣਾ ਬੰਦ ਹੋਇਆ ਸੀ, ਜਿਵੇਂ ਕਿ ਡਿਸਏਬਲਡ ਦਾ ਕੇਸ ਹੋ ਸਕਦਾ ਹੈ, ਪਰ ਕਿਸੇ ਵੀ ਕੇਸ ਵਿਚ ਕਿਸੇ ਵਿਅਕਤੀ ਨੂੰ ਐਪਲੀਕੇਸ਼ਨ ਕਰਨ ਤੋਂ ਪਹਿਲਾਂ ਦੇ ਪੰਦਰਾਂ ਮਹੀਨਿਆਂ ਨਾਲੋਂ ਪਹਿਲਾਂ ਡਿਸਏਬਲ ਨਹੀਂ ਸਮਝਿਆ ਜਾਵੇਗਾ ਜਿਸ ਦੇ ਸੰਬੰਧ ਵਿਚ ਫੈਸਲਾ ਕੀਤਾ ਗਿਆ ਹੈ।

(R.S.C. 1985, c.30 (2nd Supp.), s. 2(2)

# ਅੰਤਿਕਾ ਸੀ | ਆਪਣੇ ਡਾਕਟਰ ਲਈ ਚਿੱਠੀ ਦਾ ਨਮੂਨਾ

ਤਾਰੀਕ ਨਾਂ

ਵਾਪਸੀ ਐਡਰੈਸ

ਪਿਆਰੇ ਡਾਕਟਰ

ਮੈਂ ਤੁਹਾਨੂੰ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਬੈਨੇਫਿਟਸ ਲਈ ਆਪਣੀ ਐਪਲੀਕੇਸ਼ਨ ਵਾਸਤੇ ਮੈਡੀਕਲ ਰਿਪੋਰਟ ਤਿਆਰ ਕਰਨ ਲਈ ਪੁੱਛਣ ਲਈ ਲਿਖ ਰਿਹਾ/ਰਹੀ ਹਾਂ। ਮੈਂ ਨਾਲ ਮੈਡੀਕਲ ਰਿਪੋਰਟ ਫਾਰਮ ਲਗਾ ਰਿਹਾ/ਰਹੀ ਹਾਂ।

ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਦੇ ਯੋਗ ਹੋਣ ਲਈ, ਮੇਰੇ ਲਈ ਇਹ ਦਿਖਾਉਣ ਲਈ ਮੈਡੀਕਲ ਸਬੂਤ ਦੇਣਾ ਜ਼ਰੂਰੀ ਹੈ ਕਿ:

- ਮੇਰੇ ਪਿਛਲੀ ਵਾਰੀ ਕੰਮ ਕਰਨ ਤੋਂ ਲੈ ਕੇ (ਤਾਰੀਕ________) ਤੋਂ ਲੈ ਕੇ ਮੇਰੀ ਡਿਸਏਬਿਲਟੀਜ਼ ਨੇ ਮੈਨੂੰ ਕਿਸੇ ਵੀ ਕੰਮ ਵਿਚ (ਸਿਰਫ ਮੇਰੇ ਪਿਛਲੇ ਕੰਮ ਵਿਚ ਹੀ ਨਹੀਂ) "ਕਾਫੀ ਲਾਭਦਾਇਕ" ਰੁਜ਼ਗਾਰ ਕਾਇਮ ਰੱਖਣ ਤੋਂ ਰੋਕਿਆ ਹੈ; ਅਤੇ ਇਹ ਕਿ
- ਮੇਰੀ ਹਾਲਤ ਅਨੁਮਾਨ ਲਾਉਣ ਯੋਗ ਭਵਿੱਖ ਵਿਚ ਸੁਧਰਨ ਦੀ ਸੰਭਾਵਨਾ ਨਹੀਂ ਹੈ।

ਜੇ ਤੁਸੀਂ ਮੇਰੇ ਲਈ ਮੈਡੀਕਲ ਰਿਪੋਰਟ ਮੁਕੰਮਲ ਕਰਨ ਦੇ ਯੋਗ ਹੋਵੋ ਤਾਂ ਇਸ ਵਿਚ ਕਿਰਪਾ ਕਰਕੇ ਇਹ ਸ਼ਾਮਲ ਕਰਨਾ:

- ਤੁਸੀਂ ਮੇਰੀ ਮੈਡੀਕਲ ਹਾਲਤ ਦਾ ਇਲਾਜ ਕਰਨਾ ਕਦੋਂ ਸ਼ੁਰੂ ਕੀਤਾ ਸੀ। ਜੇ ਇਹ ਸਮਾਂ ਉਪਰ ਦਿੱਤੀ ਤਾਰੀਕ ਤੋਂ ਬਾਅਦ ਦਾ ਹੈ ਤਾਂ ਕਿਰਪਾ ਕਰਕੇ ਉਨ੍ਹਾਂ ਕੋਈ ਵੀ ਮੈਡੀਕਲ ਡਾਕੂਮੈਂਟਸ ਦਾ ਜ਼ਿਕਰ ਕਰਨਾ ਜਿਹੜੇ ਤੁਹਾਡੇ ਕੋਲ ਮੇਰੇ ਪਿਛਲੇ ਡਾਕਟਰਾਂ ਤੋਂ ਹੋ ਸਕਦੇ ਹਨ (ਭਾਗ 3)।
- ਮੇਰੀ ਹਰ ਮੈਡੀਕਲ ਹਾਲਤ ਲਈ ਭਾਗ 5 ਸ਼ੀਟ।
    - ਫਾਰਮ ਸਿਰਫ ਤਿੰਨ ਹਾਲਤਾਂ ਨਾਲ ਆਉਂਦਾ ਹੈ, ਪਰ, ਜੇ ਮੇਰੀਆਂ ਕਈ ਹਾਲਤਾਂ ਹੋਣ ਤਾਂ ਤੁਸੀਂ ਇਕ ਸਫੇ ਦੀ ਫੋਟੋਕਾਪੀ ਕਰ ਸਕਦੇ ਹੋ ਅਤੇ ਹੋਰ ਸਫੇ ਨਾਲ ਲਗਾ ਸਕਦੇ ਹੋ।
- ਮੇਰੇ ਉਨ੍ਹਾਂ ਵਿਗਾੜਾਂ ਅਤੇ ਸਰੀਰਕ ਸੀਮਾਵਾਂ ਦੀ ਲਿਸਟ ਜਿਹੜੇ ਮੈਨੂੰ ਕੰਮ ਕਰਨ ਤੋਂ ਰੋਕਦੇ ਹਨ।
    - ਹਾਲਤਾਂ ਪੱਕੀਆਂ ਰਹਿਣ ਵਾਲੀਆਂ ਹੋਣਾ ਜ਼ਰੂਰੀ ਨਹੀਂ ਹੈ। ਇਹ ਫੈਸਲਾ ਕਰਨ ਵੇਲੇ ਕਿ ਕੀ ਮੈਨੂੰ ਸੀ ਪੀ ਪੀ ਡਿਸਏਬਿਲਟੀ ਮਿਲੇਗੀ ਜਾਂ ਨਹੀਂ, ਫੈਸਲਾ ਕਰਨ ਵਾਲੇ ਇਹ ਦੇਖ ਰਹੇ ਹੁੰਦੇ ਹਨ ਕਿ ਕੀ ਮੇਰੀ ਹਾਲਤ ਵਿਚ ਸੁਧਾਰ ਹੋਣ ਦੀ, ਹੋਰ ਵਿਗੜਨ ਦੀ, ਓਹੀ ਰਹਿਣ ਦੀ ਸੰਭਾਵਨਾ ਹੈ ਜਾਂ ਕੀ ਇਹ ਨਾਮਾਲੂਮ ਹੈ। ਸਭ ਤੋਂ ਸ਼ਕਤੀਸ਼ਾਲੀ ਐਪਲੀਕੇਸ਼ਨ ਉਹ ਹੋਵੇਗੀ ਜਿੱਥੇ ਹਾਲਤ (ਹਾਲਤਾਂ) ਸਖਤ ਹੋਣ ਦੀ ਪਰਿਭਾਸ਼ਾ ਪੂਰੀ ਕਰਦੀ ਹੈ ਅਤੇ ਇਸ ਦੇ ਵਿਗੜਨ ਜਾਂ ਓਹੀ ਰਹਿਣ ਦੀ ਸੰਭਾਵਨਾ ਹੈ।
    - ਬਹੁਤੇ ਡਾਕਟਰ "ਨਾਮਾਲੂਮ" ਕਹਿਣਾ ਪਸੰਦ ਕਰਦੇ ਹਨ ਅਤੇ ਇਸ ਦਾ ਨਤੀਜਾ ਕਮਜ਼ੋਰ ਐਪਲੀਕੇਸ਼ਨ ਵਿਚ ਨਿਕਲਦਾ ਹੈ। ਇਸ ਦਾ ਮਤਲਬ ਆਪਣੇ ਆਪ ਨਾਂਹ ਹੋ ਜਾਣਾ ਨਹੀਂ ਹੈ ਪਰ ਇਹ ਗੱਲ ਮੈਡੀਕਲ ਅਡਜੂਡੀਕੇਟਰਾਂ ਨੇ ਆਪਣੇ ਕੁਝ ਇਨਕਾਰਾਂ ਵਿਚ ਇਸ ਸਬੂਤ ਵਜੋਂ ਕਹੀ ਹੈ ਕਿ ਤੁਹਾਡੀ ਹਾਲਤ ਇਲਾਜਾਂ ਨਾਲ ਬਿਹਤਰ ਹੋ ਸਕਦੀ ਹੈ ਅਤੇ ਅਜਿਹਾ ਹੋਣ 'ਤੇ ਤੁਹਾਡੀ ਕਿਸੇ ਕਿਸਮ ਦੇ ਕੰਮ 'ਤੇ ਵਾਪਸ ਜਾਣ ਦੇ ਯੋਗ ਹੋ ਜਾਣ ਦੀ ਸੰਭਾਵਨਾ ਹੈ।
    - ਜੇ ਉਹ "ਬਿਲਕੁਲ" ਦੀ ਬਜਾਏ "ਸੰਭਾਵਨਾ" 'ਤੇ ਕੇਂਦਰਿਤ ਕਰ ਸਕੇ ਤਾਂ ਆਸ ਹੈ ਕਿ ਤੁਸੀਂ ਅਤੇ ਤੁਹਾਡਾ ਡਾਕਟਰ ਇਕ ਸ਼ਕਤੀਸ਼ਾਲੀ ਐਪਲੀਕੇਸ਼ਨ ਤਿਆਰ ਕਰ ਸਕਦੇ ਹੋ ਜਿਹੜੀ ਇਸ ਚੀਜ਼ ਦੀ ਇਕ ਅਸਲੀ ਤਸਵੀਰ ਦਿਖਾਏਗੀ ਕਿ ਕੀ ਤੁਹਾਨੂੰ ਨਾਟਕੀ ਸੁਧਾਰ ਦੇਖਣ ਦੀ ਉਮੀਦ ਹੈ ਜਾਂ ਨਹੀਂ।

- ਸੰਭਾਵਿਤ ਸਮਾਂ 1 ਸਾਲ ਨਾਲੋਂ ਜ਼ਿਆਦਾ ਹੋਣਾ ਚਾਹੀਦਾ ਹੈ। ਕੋਈ ਵੀ ਆਰਜ਼ੀ ਹਾਲਤਾਂ ਦਾ ਸੀ ਪੀ ਪੀ–ਡੀ ਉੱਪਰ ਅਸਰ ਨਹੀਂ ਹੋ ਸਕਦਾ ਹੈ।
- ਲੱਛਣਾਂ ਦੀ ਗਿਣਤੀ ਦੀ ਦਰ ਜੇ ਇਹ ਅਕਸਰ/ਕਦੇ ਕਦੇ ਆਉਂਦੇ ਹਨ ਅਤੇ ਜੇ ਇਹ ਅਨੁਮਾਨ ਲਾਉਣ ਯੋਗ ਨਹੀਂ ਹਨ ਤਾਂ ਕਿਰਪਾ ਕਰਕੇ ਇਸ ਬਾਰੇ ਨੋਟ ਵੀ ਲਿਖੋ।
- ਉਨ੍ਹਾਂ ਦਵਾਈਆਂ ਦੀ ਲਿਸਟ ਜਿਹੜੀਆਂ ਮੈਂ ਲੈ ਰਿਹਾ/ਰਹੀ ਹਾਂ ਅਤੇ ਲਈਆਂ ਹਨ। ਇਹ ਲਿਖਣ ਲਈ ਬਹੁਤੀ ਥਾਂ ਨਹੀਂ ਹੈ। ਤੁਸੀਂ ਫਾਰਮਾਕੇਅਰ ਰਿਕਾਰਡਾਂ ਜਾਂ ਲਿਸਟਾਂ ਵਰਗੀਆਂ ਚੀਜ਼ਾਂ ਨਾਲ ਲਗਾ ਸਕਦੇ ਹੋ।
- ਆਪਣੀਆਂ ਹਾਲਤਾਂ ਨੂੰ ਕੰਟਰੋਲ ਕਰਨ ਲਈ ਅਜ਼ਮਾਏ ਗਏ ਇਲਾਜਾਂ ਦੀਆਂ ਕਿਸਮਾਂ। ਇਹ ਲਿਖਣ ਲਈ ਬਹੁਤੀ ਥਾਂ ਨਹੀਂ ਹੈ। ਜੇ ਅਸੀਂ 3 ਨਾਲੋਂ ਜ਼ਿਆਦਾ ਕਰਕੇ ਦੇਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਤੁਸੀਂ ਅਟੈਚਮੈਂਟ ਨਾਲ ਲਗਾ ਸਕਦੇ ਹੋ ਜਿਹੜੀ ਇਨ੍ਹਾਂ ਸਾਰਿਆਂ ਬਾਰੇ ਦੱਸਦੀ ਹੈ।

- ਮੇਰੀ ਕੰਮ ਦੀ ਹਾਲਤ (ਭਾਗ 6)

  - ਜੇ ਤੁਸੀਂ ਇਹ ਸਿਫਾਰਸ਼ ਨਹੀਂ ਕੀਤੀ ਕਿ ਮੈਂ ਕੰਮ ਕਰਨਾ ਬੰਦ ਕਰਾਂ ਪਰ ਤੁਸੀਂ ਮੇਰੇ ਨਾਲ ਸਹਿਮਤ ਹੋ ਕਿ ਜਦੋਂ ਮੈਂ ਕੰਮ ਕਰਨਾ ਬੰਦ ਕੀਤਾ ਮੈਂ ਕੰਮ ਨਹੀਂ ਕਰ ਸਕਦਾ/ਸਕਦੀ ਸੀ ਤਾਂ ਕਿਰਪਾ ਕਰਕੇ ਇਸ ਸੰਦਰਭ ਬਾਰੇ ਦੱਸਦਾ ਹੋਇਆ ਨੋਟ ਲਿਖੋ (ਸਵਾਲ 1)
  - ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਇਹ ਸੰਭਾਵਨਾ ਨਹੀਂ ਹੈ ਕਿ ਮੈਂ ਭਵਿੱਖ ਵਿਚ ਕੰਮ 'ਤੇ ਵਾਪਸ ਜਾਣ ਦੇ ਯੋਗ ਹੋਵਾਂਗਾ/ਹੋਵਾਂਗੀ ਤਾਂ ਕਿਰਪਾ ਕਰਕੇ ਇਸ ਬਾਰੇ ਕਹਿਣ ਲਈ ਵਿਚਾਰ ਕਰੋ (ਸਵਾਲ 2)। ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਮੈਂ ਅਨੁਮਾਨ ਲਾਉਣ ਯੋਗ ਭਵਿੱਖ ਵਿਚ ਕੰਮ 'ਤੇ ਵਾਪਸ ਜਾਣ ਦੇ ਯੋਗ ਹੋਵਾਂਗਾ/ਹੋਵਾਂਗੀ ਤਾਂ ਆਪਣੀ ਸ਼ਾਇਦ ਸਪਸ਼ਟ ਗੱਲਬਾਤ ਨਹੀਂ ਹੋਈ ਕਿਉਂਕਿ ਮੇਰੀ ਸਮਝ ਹੈ ਕਿ ਇਸ ਦੀ ਸੰਭਾਵਨਾ ਨਹੀਂ ਹੈ।

- ਮਦਦ ਕਰਨ ਵਾਲੇ ਪੇਪਰ (ਭਾਗ 8)

  - ਹੋਰ ਪੇਪਰ ਦਰਜ ਕਰਵਾਉਣ ਵੇਲੇ ਕਿਰਪਾ ਕਰਕੇ ਇਹ ਯਾਦ ਰੱਖਣਾ ਕਿ ਸਰਵਿਸ ਕੈਨੇਡਾ ਮੇਰੇ ਕੰਮ ਕਰਨ ਦੀ ਯੋਗਤਾ ਦਾ ਅਨੁਮਾਨ ਲਗਾ ਰਹੀ ਹੈ।
  - ਸੀ ਪੀ ਪੀ ਡਿਸਏਬਿਲਟੀ ਮੈਡੀਕਲ ਰਿਪੋਰਟ ਅਕਸਰ ਜ਼ਿਆਦਾ ਵੇਰਵੇ ਵਿਚ ਨਹੀਂ ਜਾਂਦੀ। ਕਿਰਪਾ ਕਰਕੇ ਕੋਈ ਵੀ ਉਹ ਰਿਪੋਰਟ (ਰਿਪੋਰਟਾਂ) ਜਾਂ ਨੋਟਸ ਨਾਲ ਲਗਾਉ ਜਿਹੜੇ ਤੁਹਾਡੇ ਖਿਆਲ ਵਿਚ ਮੇਰੀ ਐਪਲੀਕੇਸ਼ਨ ਲਈ ਢੁਕਵੇਂ ਹੋ ਸਕਦੇ ਹਨ।

ਆਪਣੀ ਐਪਲੀਕੇਸ਼ਨ ਬਾਰੇ ਤੁਹਾਡੇ ਨਾਲ ਵਿਚਾਰ ਕਰਕੇ ਮੈਨੂੰ ਖੁਸ਼ੀ ਹੋਵੇਗੀ। ਜੇ ਸੰਭਵ ਹੋਵੇ ਤਾਂ ਕਿਰਪਾ ਕਰਕੇ ਮੁਕੰਮਲ ਕਰਨ 'ਤੇ ਫਾਰਮ ਮੈਨੂੰ ਦਿਖਾ ਦੇਣਾ ਤਾਂ ਜੋ ਇਸ ਨੂੰ ਭੇਜੇ ਜਾਣ ਤੋਂ ਪਹਿਲਾਂ ਆਪਾਂ ਇਸ ਬਾਰੇ ਰਲ ਕੇ ਝਾਤ ਮਾਰ ਸਕੀਏ। ਮੇਰੀ ਐਪਲੀਕੇਸ਼ਨ ਵਿਚ ਮਦਦ ਕਰਨ ਲਈ ਤੁਹਾਡਾ ਧੰਨਵਾਦ।

ਤਹਿ ਦਿਲੋਂ,

[ਨਾਂ ਅਤੇ ਦਸਖਤ]

# ਅੰਤਿਕਾ ਡੀ | ਸੰਪਰਕ ਅਤੇ ਵਸੀਲੇ

## ਇਮਪਲੌਏਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ) – ਸਰਵਿਸ ਕੈਨੇਡਾ

ਐਪਲੀਕੇਸ਼ਨਾਂ ਅਤੇ ਦੁਬਾਰਾ ਵਿਚਾਰ ਵਾਸਤੇ ਬੇਨਤੀਆਂ ਲਈ

ਸਰਵਿਸ ਕੈਨੇਡਾ ਦਾ ਡਾਕ ਲਈ ਐਡਰੈਸ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜੇ ਸੂਬੇ ਜਾਂ ਟੈਰੀਟਰੀ ਵਿਚ ਰਹਿੰਦੇ ਹੋ। ਇਹ ਪਤਾ ਲਾਉਣ ਲਈ ਸਰਵਿਸ ਕੈਨੇਡਾ ਨਾਲ ਫੋਨ ਰਾਹੀਂ ਸੰਪਰਕ ਕਰੋ ਕਿ ਤੁਹਾਨੂੰ ਡਾਕ ਲਈ ਕਿਹੜਾ ਐਡਰੈਸ ਵਰਤਣਾ ਚਾਹੀਦਾ ਹੈ। ਬੀ ਸੀ ਦੇ ਵਸਨੀਕਾਂ ਲਈ, ਸੰਪਰਕ ਕਰਨ ਲਈ ਜਾਣਕਾਰੀ ਇਹ ਹੈ:

PO Box 1177 Victoria, BC V8W 2V2

ਫੋਨ: 1-800-277-9914 (ਅੰਗਰੇਜ਼ੀ)

ਫੋਨ: 1-800-277-9915 (ਫਰੈਂਚ)

ਟੀ ਟੀ ਵਾਈ: 1-800-255-4786

ਵੈੱਬਸਾਈਟ:

https://www.canada.ca/en/employment-social-development/corporate/portfolio/ service-canada.html

ਜੇ ਤੁਹਾਨੂੰ ਸਰਵਿਸ ਕੈਨੇਡਾ ਨਾਲ ਉਡੀਕ ਕਰਨ ਦੇ ਲੰਮੇ ਸਮਿਆਂ ਦਾ ਅਨੁਭਵ ਹੋ ਰਿਹਾ ਹੈ ਅਤੇ ਤੁਹਾਡੀ ਇੰਟਰਨੈੱਟ ਤੱਕ ਪਹੁੰਚ ਹੈ ਤਾਂ ਤੁਸੀਂ ਇਸ ਵੈੱਬਸਾਈਟ ’ਤੇ 48 ਘੰਟਿਆਂ ਦੇ ਵਿਚ ਵਿਚ ਫੋਨ ਕਰਨ ਦੀ ਮੰਗ ਕਰਨ ਵਾਲੀ ਸਰਵਿਸ ਦਰਜ ਕਰਵਾ ਸਕਦੇ ਹੋ:

https://sr-ds.powerappsportals.com/en/service/.

### ਸੋਸ਼ਲ ਸਕਿਉਰਟੀ ਟ੍ਰਿਬਿਊਨਲ

PO Box 9812
Station T CSC
Ottawa, ON
K1G 6S3

ਕੈਨੇਡਾ ਅਤੇ ਯੂ ਐੱਸ ਵਿਚ ਟੋਲ ਫ੍ਰੀ: 1-877-227-8577

ਕੈਨੇਡਾ ਅਤੇ ਯੂ ਐੱਸ ਤੋਂ ਬਾਹਰ ਤੋਂ ਕੋਲੈਕਟ ਕਾਲ ਕਰੋ: 1-613-437-1640

ਟੀ ਟੀ ਵਾਈ: 1-866-873-8381

ਫੈਕਸ: 1-855-814-4117 (ਕੈਨੇਡਾ ਵਿਚ ਟੋਲ ਫ੍ਰੀ)

ਈਮੇਲ: info.sst-tss@canada.gc.ca

ਵੈੱਬਸਾਈਟ: http://www1.canada.ca/en/sst/

# ਅੰਤਿਕਾ ਈ | ਟਰਮੀਨਲ ਇਲਨੈੱਸ ਐਪਲੀਕੇਸ਼ਨ ਫਾਰ ਡਿਸਏਬਿਲਟੀ ਬੈਨੇਫਿਟਸ (ਟੀ ਆਈ ਏ ਡੀ)

ਜੇ ਤੁਹਾਡੇ ਡਾਕਟਰਾਂ ਨੇ ਤੁਹਾਨੂੰ ਦੱਸਿਆ ਹੈ ਕਿ ਤੁਹਾਡੀ ਮੈਡੀਕਲ ਹਾਲਤ ਦਾ ਨਤੀਜਾ ਅਗਲੇ ਛੇ ਮਹੀਨਿਆਂ ਵਿਚ ਆਮ ਤੌਰ ’ਤੇ ਮੌਤ ਵਿਚ ਨਿਕਲੇਗਾ ਤਾਂ ਤੁਸੀਂ ਰਵਾਇਤੀ ਫਾਰਮ ਨਾਲ ਸੀ ਪੀ ਪੀ ਡਿਸਏਬਿਲਟੀ ਲਈ ਅਪਲਾਈ ਨਹੀਂ ਕਰਨਾ ਚਾਹੋਗੇ। ਇਸ ਦੀ ਬਜਾਏ ਤੁਸੀਂ ਟਰਮੀਨਲ ਇਲਨੈੱਸ (ਮਾਰੂ ਬੀਮਾਰੀ ਦੀ) ਐਪਲੀਕੇਸ਼ਨ ਵਰਤ ਸਕਦੇ ਹੋ। ਇਹ ਐਪਲੀਕੇਸ਼ਨ ਛੋਟੀ ਹੈ ਅਤੇ ਇਸ ’ਤੇ ਤੇਜ਼ੀ ਨਾਲ ਕਾਰਵਾਈ ਹੁੰਦੀ ਹੈ। ਤੁਸੀਂ ਇਹ ਐਪਲੀਕੇਸ਼ਨ https://catalogue.servicecanada.gc.ca/apps/EForms/pdf/en/ISP-2530A.pdf ’ਤੇ ਲੱਭ ਸਕਦੇ ਹੋ ਜਾਂ ਸਰਵਿਸ ਕੈਨੇਡਾ ਦੇ ਕਿਸੇ ਦਫਤਰ ਤੋਂ ਲੈ ਸਕਦੇ ਹੋ।

### ਭਾਗ ਏ – ਅਰਜ਼ੀਕਰਤਾ ਦੀ ਜਾਣਕਰੀ

ਇਹ ਛੇ ਸਫਿਆਂ ਵਿਚ ਸੀ ਪੀ ਪੀ-ਡੀ ਐਪਲੀਕੇਸ਼ਨ, ਸੀ ਪੀ ਪੀ-ਡੀ ਪ੍ਰਸ਼ਨਾਵਲੀ ਅਤੇ ਬੱਚੇ ਨੂੰ ਪਾਲਣ ਲਈ ਕੰਮ ਛੱਡਣ ਦੀ ਵਿਵਸਥਾ ਨੂੰ ਕਵਰ ਕਰਦੀ ਹੈ।

### ਭਾਗ ਬੀ – ਜਾਣਕਾਰੀ ਦੇਣ ਲਈ ਸਹਿਮਤੀ

ਇਹ ਸਰਵਿਸ ਕੈਨੇਡਾ ਨੂੰ ਤੁਹਾਡੇ ਕੇਸ ਬਾਰੇ ਕਿਸੇ ਹੋਰ ਵਿਅਕਤੀ ਨਾਲ ਗੱਲ ਕਰਨ ਦੀ ਆਗਿਆ ਦੇਵੇਗੀ। ਇਹ ਪੱਕਾ ਕਰੋ ਕਿ ਤੁਸੀਂ ਅਧਿਕਾਰਤ ਵਿਅਕਤੀ ਦੇ ਦਸਖਤ ਵੀ ਕਰਵਾ ਲਏ ਹਨ। ਇਹ ਵਿਅਕਤੀ ਤੁਹਾਡੀ ਸੀ ਪੀ ਪੀ-ਡੀ ਦੀ ਐਪਲੀਕੇਸ਼ਨ ’ਤੇ ਜਾਣਕਾਰੀ ਦੇਣ ਅਤੇ ਲੈਣ ਦੇ ਯੋਗ ਹੋਵੇਗਾ।

### ਭਾਗ ਸੀ – ਡੈਕਲਾਰੇਸ਼ਨ ਅਤੇ ਦਸਖਤ

**ਤੁਸੀਂ ਇਹ ਪੱਕਾ ਕਰਨਾ ਚਾਹੁੰਦੇ ਹੋ ਕਿ ਤੁਸੀਂ (ਜਾਂ ਤੁਹਾਡੇ ਕਾਨੂੰਨੀ ਨੁਮਾਇੰਦੇ ਨੇ) ਇਸ ਭਾਗ ਵਿਚ ਦਸਖਤ ਕੀਤੇ ਹਨ।** ਇਸ ਭਾਗ ਨੂੰ ਖਾਲੀ ਛੱਡਣਾ ਤੁਹਾਡੀ ਐਪਲੀਕੇਸ਼ਨ ’ਤੇ ਕਾਰਵਾਈ ਹੋਣ ਵਿਚ ਦੇਰੀ ਕਰ ਸਕਦਾ ਹੈ। ਜੇ ਤੁਸੀਂ ✗ ਨਾਲ ਦਸਖਤ ਕਰ ਰਹੇ ਹੋ ਤਾਂ ਤੁਹਾਨੂੰ ਸਿਰਫ ਇਕ ਗਵਾਹ ਦੇ ਦਸਖਤਾਂ ਦੀ ਹੀ ਲੋੜ ਹੈ।

ਜੇ ਕੋਈ ਤੁਹਾਡੀ ਤਰਫੋਂ ਕੰਮ ਕਰ ਰਿਹਾ ਹੈ ਅਤੇ ਉਹ ਤੁਹਾਡੀ ਐਪਲੀਕੇਸ਼ਨ ’ਤੇ ਦਸਖਤ ਕਰਦਾ ਹੈ ਤਾਂ ਉਸ ਲਈ ਇਹ ਪੱਕਾ ਕਰਨ ਦੀ ਲੋੜ ਹੈ ਕਿ ਸਰਵਿਸ ਕੈਨੇਡਾ ਨੂੰ ਇਹ ਪਤਾ ਹੈ ਕਿ ਉਨ੍ਹਾਂ ਕੋਲ ਇਹ ਕਰਨ ਦਾ ਅਧਿਕਾਰ ਹੈ। ਇਸ ਦਾ ਮਤਲਬ ਸਰਵਿਸ ਕੈਨੇਡਾ ਨੂੰ ਉਹ ਪੇਪਰ ਦਿਖਾਉਣਾ ਹੈ ਜਿਹੜੇ ਉਸ ਵਿਅਕਤੀ ਨੂੰ ਤੁਹਾਡੇ ਫੈਸਲੇ ਕਰਨ ਲਈ ਕਾਨੂੰਨੀ ਅਧਿਕਾਰ ਦਿੰਦੇ ਹਨ।

### ਭਾਗ ਡੀ – ਨਿੱਜੀ ਜਾਣਕਾਰੀ ਹਾਸਲ ਕਰਨ ਲਈ ਸਰਵਿਸ ਕੈਨੇਡਾ ਲਈ ਸਹਿਮਤੀ

ਇਹ ਈ ਐੱਸ ਡੀ ਸੀ ਨੂੰ ਤੁਹਾਡੀ ਮੈਡੀਕਲ, ਕੰਮ ਅਤੇ ਪੜ੍ਹਾਈ ਦੀ ਜਾਣਕਾਰੀ ਲੈਣ ਦੀ ਆਗਿਆ ਦਿੰਦਾ ਹੈ।

### ਭਾਗ ਈ – ਮੈਡੀਕਲ ਹਿੱਸਾ

ਜੇ ਤੁਸੀਂ ਭੂਗੋਲਿਕ ਤੌਰ ’ਤੇ ਕਿਸੇ ਅਲੱਗ-ਥਲੱਗ ਇਲਾਕੇ ਵਿਚ ਰਹਿੰਦੇ ਹੋ ਤਾਂ ਇਹ ਭਾਗ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਨਰਸ ਵਲੋਂ ਭਰੇ ਜਾਣ ਦੀ ਲੋੜ ਹੈ। ਉਹ ਇਕ ਸਫੇ ’ਤੇ ਹਿਦਾਇਤਾਂ ਅਤੇ ਇਕ ਸਫੇ ’ਤੇ ਜਾਣਕਾਰੀ ਦਿੰਦੇ ਹਨ। ਸਰਵਿਸ ਕੈਨੇਡਾ ਇਹ ਤਸਦੀਕ ਕਰਨਾ ਚਾਹੇਗੀ ਕਿ ਤੁਹਾਡੀ ਮਾਰੂ ਬੀਮਾਰੀ ਕੀ ਹੈ ਅਤੇ ਇਸ ਦੇ ਨਤੀਜੇ ਵਜੋਂ ਅਗਲੇ ਛੇ ਮਹੀਨਿਆਂ ਵਿਚ ਮੌਤ ਹੋਣ ਦੀ ਸੰਭਾਵਨਾ ਹੈ।

ਇਨ੍ਹਾਂ ਐਪਲੀਕੇਸ਼ਨ ਫਾਰਮਾਂ ਦੇ ਛੋਟੇ ਹੋਣ ਦੇ ਇਲਾਵਾ, ਸਰਵਿਸ ਕੈਨੇਡਾ ਉਮੀਦ ਮੁਤਾਬਕ ਇਨ੍ਹਾਂ ਐਪਲੀਕੇਸ਼ਨਾਂ ਨੂੰ ਤਰਜੀਹ ਦੇਣ ਦੀ ਕੋਸ਼ਿਸ਼ ਕਰਦੀ ਹੈ।

ਜੇ ਤੁਹਾਡੀ ਮੈਡੀਕਲ ਹਾਲਤ ਕਾਰਨ ਮੌਤ ਹੋਣ ਦੀ ਸੰਭਾਵਨਾ ਹੈ ਪਰ ਅਗਲੇ ਛੇ ਮਹੀਨਿਆਂ ਵਿਚ ਨਹੀਂ ਤਾਂ ਕਿਰਪਾ ਕਰਕੇ ਇਹ ਦੇਖਣ ਲਈ ਅੰਤਿਕਾ ਐੱਫ ਪੜ੍ਹੋ ਕਿ ਕੀ ਇਹ "ਗਰੇਵ ਮੈਡੀਕਲ ਕੰਡੀਸ਼ਨ" (ਗੰਭੀਰ ਮੈਡੀਕਲ ਹਾਲਤ) ਲਈ ਯੋਗ ਹੈ। ਆਮ ਤੌਰ 'ਤੇ ਇਨ੍ਹਾਂ ਐਪਲੀਕੇਸ਼ਨਾਂ 'ਤੇ ਕਾਰਵਾਈ ਵੀ ਸੀ ਪੀ ਪੀ-ਡੀ ਐਪਲੀਕੇਸ਼ਨਾਂ ਨਾਲੋਂ ਤੇਜ਼ੀ ਨਾਲ ਹੁੰਦੀ ਹੈ, ਪਰ ਮਾਰੂ ਬੀਮਾਰੀ ਲਈ ਐਪਲੀਕੇਸ਼ਨਾਂ ਨਾਲੋਂ ਘੱਟ ਤੇਜ਼ੀ ਨਾਲ ਹੁੰਦੀ ਹੈ।

# ਅੰਤਿਕਾ ਐੱਫ | ਗੰਭੀਰ ਮੈਡੀਕਲ ਹਾਲਤਾਂ

ਇਨ੍ਹਾਂ ਹਾਲਤਾਂ ਦੀ ਪ੍ਰਵਾਨਗੀ ਦੀ ਦਰ ਕਿਉਂਕਿ ਜ਼ਿਆਦਾ ਹੈ ਜਾਂ ਇਨ੍ਹਾਂ ਦਾ ਨਤੀਜਾ ਮੌਤ ਵਿਚ ਨਿਕਲਦਾ ਹੈ (ਭਾਵੇਂ ਪ੍ਰਵਾਨਗੀ ਓਨੀ ਤੇਜ਼ੀ ਨਾਲ ਨਹੀਂ ਹੁੰਦੀ ਜਿੰਨੀ ਤੇਜ਼ੀ ਨਾਲ ਟਰਮੀਨਲ ਇਲਨੈੱਸ ਐਪਲੀਕੇਸ਼ਨ ਲਈ ਹੁੰਦੀ ਹੈ), ਸਰਵਿਸ ਕੈਨੇਡਾ ਉਨ੍ਹਾਂ ਐਪਲੀਕੇਸ਼ਨਾਂ ’ਤੇ ਤੇਜ਼ੀ ਨਾਲ ਕਾਰਵਾਈ ਕਰੇਗੀ ਜਿਨ੍ਹਾਂ ਵਿਚ ਇਹ ਬੀਮਾਰੀਆਂ ਸ਼ਾਮਲ ਹਨ। ਤੁਸੀਂ ਓਹੀ ਐਪਲੀਕੇਸ਼ਨ ਫਾਰਮ ਵਰਤਦੇ ਹੋ ਪਰ ਆਪਣੀ ਐਪਲੀਕੇਸ਼ਨ ’ਤੇ ਫੈਸਲਾ ਹੋਣ ਲਈ ਸੰਭਵ ਤੌਰ ’ਤੇ ਘੱਟ ਸਮਾਂ ਉਡੀਕ ਕਰੋਗੇ। ਜਿਹੜੀਆਂ ਹਾਲਤਾਂ ਨੂੰ ਗੰਭੀਰ ਸਮਝਿਆ ਜਾਂਦਾ ਹੈ ਉਨ੍ਹਾਂ ਵਿਚ ਸ਼ਾਮਲ ਹਨ:

- ਅਕਿਊਟ ਲਿਮਫੋਇਡ ਲੂਕੀਮੀਆ
- ਐਡਰੀਨਲ ਕੈਂਸਰ
- ਐਲਜ਼ਾਈਮਰ ਡਿਜ਼ੀਜ਼, ਅਗੇਤਰੇ ਸ਼ੁਰੂਆਤ (60 ਸਾਲ ਤੋਂ ਘੱਟ ਉਮਰ ’ਤੇ)
- ਐਮੀਲੋਇਡੋਸਿਸ
- ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ (ਏ ਐੱਲ ਐੱਸ)
- ਗੁਦਾ (ਐਨਲ) ਕੈਂਸਰ
- ਦਿਮਾਗ ਦੀ ਕੈਂਸਰ
- ਕਰੌਨਿਕ ਕਿਡਨੀ ਡਿਜ਼ੀਜ਼ (ਸਟੇਜ 4 ਜਾਂ ਬਾਅਦ ਦੀ)
- ਕਰੌਨਿਕ ਲਿਵਰ ਡਿਜ਼ੀਜ਼ (ਜਿਗਰ ਦੀ ਗੰਭੀਰ ਬੀਮਾਰੀ)
- ਕੋਲੋਰੈਕਟਲ ਕੈਂਸਰ
- ਆਸੋਫੇਗਿਸ ਕੈਂਸਰ (ਭੋਜਨ ਨਾਲੀ ਦੀ ਕੈਂਸਰ)
- ਫਰੰਟੋਟੈਮਪੋਰਲ ਡਿਮੈਂਸ਼ੀਆ
- ਗਾਲਬਲੈਡਰ (ਪਿੱਤੇ ਦੀ) ਕੈਂਸਰ ਅਤੇ ਬਾਇਲ ਡਕਟਸ ਦੀ ਕੈਂਸਰ/ ਗਾਲਬਲੈਡਰ ਦਾ ਮਾਲਿਗਨੇਂਟ ਨਿਓਪਲਾਜ਼ਮ ਅਤੇ ਐਕਸਟਰਾਹੈਪੈਟਿਕ ਬਾਇਲ ਡਕਟਸ
- ਹੰਟਿੰਗਟਨ’ਜ਼ ਕੋਰੀਆ ਡਿਜ਼ੀਜ਼
- ਪ੍ਰੋਗਰੈਸਿਵ ਪੌਲੀਨਿਊਰੋਪੈਥੀ
- ਇਡੀਓਪੈਥਿਕ ਪਲਮੋਨਰੀ ਫਾਇਬਰੋਸਿਸ ਐਲੀਵੇਕੋਇਲਾਇਟਿਸ/ਇਡੀਓਪੈਥਿਕ ਇੰਟਰਸਟੀਸ਼ੀਅਲ ਨਿਮੋਨੀਆ
- ਗੁਰਦੇ ਦੀ ਕੈਂਸਰ
- ਜਿਗਰ ਦੀ ਕੈਂਸਰ
- ਫੇਫੜੇ ਦੀ ਕੈਂਸਰ/ਕਾਰਸੀਨੋਮਾ ਔਫ ਦਿ ਲੰਗ/ ਮਾਲਿਗਨੇਂਟ ਨਿਓਪਲਾਜ਼ਮ ਔਫ ਦਿ ਟਰੇਕੀਆ, ਬਰੌਂਕਿਸ ਐਂਡ ਲੰਗ
- ਮਾਲਿਗਨੇਂਟ ਮੈਲਾਨੋਮਾ

- ਛੋਟੀ ਆਂਤੜੀ ਦੇ ਮਾਲਿਗਨੇਂਟ ਟਿਊਮਰ, ਡਿਊਡੀਨਮ ਸਮੇਤ
- ਮਲਟੀਪਲ ਮਾਈਲੋਮਾ
- ਮਸਕੂਲਰ ਡਿਸਟ੍ਰੋਫੀ (ਬਾਲਗ ਉਮਰ ਵਿਚ ਸ਼ੁਰੂਆਤ)
- ਓਵਰੀਅਨ ਕੈਂਸਰ
- ਪੈਰਾਨੋਇਡ ਸਕਿਜ਼ੋਫਰੀਨੀਆ, ਕਰੌਨਿਕ ਇਨਡਿਫਰੈਂਸ਼ੀਏਟਿਡ
- ਪਾਰਕਿਨਸਨਜ਼ ਡਿਜ਼ੀਜ਼
- ਪੋਸਟ-ਇਨਫਲਾਮੇਟਰੀ ਪਲਮੋਨਰੀ ਫਾਇਬਰੋਸਿਸ/ਇੰਟਰਸਟੀਸ਼ੀਅਲ (ਨੌਨ-ਇਡੀਓਪੈਥਿਕ) ਪਲਮੋਨਰੀ ਫਾਇਬਰੋਸਿਸ
- ਪ੍ਰਾਇਮਰੀ ਸੈਰੇਬੈਲਰ ਡੀਜਨਰੇਸ਼ਨ/ਸੈਰੇਬੈਲਰ ਏਟੈਕਸੀਆ ਦੀਆਂ ਅਸਪਸ਼ਟ ਕਿਸਮਾਂ
- ਪੇਟ ਦੀ ਕੈਂਸਰ
- ਥਾਈਮਸ ਕੈਂਸਰ
- ਵੈਸਕੂਲਰ ਡਿਮੈਂਸ਼ੀਆ

ਜੇ, ਐਪਲੀਕੇਸ਼ਨ ਦੀ ਕਾਰਵਾਈ ਦੌਰਾਨ, ਤੁਹਾਡੀਆਂ ਹਾਲਤਾਂ ਇਸ ਹੱਦ ਤੱਕ ਵਿਗੜ ਜਾਣ ਕਿ ਉਹ ਟਰਮੀਨਲ ਇਲਨੈੱਸ ਲਈ ਮਾਪਦੰਡ ਪੂਰੇ ਕਰਨ ਵਾਲੀਆਂ ਲੱਗਣ ਤਾਂ ਕਿਰਪਾ ਕਰਕੇ ਆਪਣੀਆਂ ਹਾਲਤਾਂ ਦਾ ਇਲਾਜ ਕਰ ਰਹੇ ਵਿਅਕਤੀ ਤੋਂ ਤਾਜ਼ਾ ਚਿੱਠੀ ਸਰਵਿਸ ਕੈਨੇਡਾ ਨੂੰ ਦਿਉ। ਇਹ ਪੂਰੀ ਤਰ੍ਹਾਂ ਸਪਸ਼ਟ ਕਰੋ ਕਿ ਇਹ ਚਿੱਠੀ ਮਾਰੂ ਬੀਮਾਰੀ ਵਾਲੇ ਕਿਸੇ ਵਿਅਕਤੀ ਲਈ ਸੀ ਪੀ ਪੀ-ਡੀ ਦੀ ਐਪਲੀਕੇਸ਼ਨ ਬਾਰੇ ਹੈ।